[illegible] ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਮਾਰਚ ੧੯੭੨

ਸ੍ਰੀ ਹਜ਼ੂਰ

## ਬਾਬਾ ਸਾਹਿਬ ਸਿੰਘ ਅੰਕ

●

ਜਿਨ ਕੇ ਪਗ ਪੰਕਜ ਕਉ ਸਭ ਸੇਵਤ
ਸੇਸ ਸਰੇਸ ਗਣੇਸ ਵਿਚਾਰੀ।
ਤੀਨੋਂ ਲੋਕ ਧਰੇ ਜਿਹ ਆਇਸ
ਭੂਪ ਰਹੇ ਜਿਹ ਚਰਨ ਮਝਾਰੀ।
ਵਾਕ ਅਟਲ ਸਦਾ ਜਿਨ ਕੇ
ਜਿਨ ਸੇਵਕ ਭਏ ਕਲਾਵੰਤ ਅਪਾਰੀ।
ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ
ਦੇਵਨ ਦੇਵ ਪ੍ਰਣਾਮ ਹਮਾਰੀ।

●

ਸਿਖ ਰਾਜ ਦੇ ਹਰਤਾ ਕਰਤਾ

### ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ



ਧੰਨ ਧੰਨ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ
੧੧ਵੀਂ ਸੰਤਾਨਕ ਜੋਤ।

## ਧੁਰ ਦਰਗਾਹੋਂ ਆਉਣ ਵਣਜਾਰੇ

(ਵਲੋਂ ਸ. ਬਲਵੰਤ ਸਿੰਘ ਨੂਰ ਲੁਧਿਆਣਾ)

ਖਿਚ ਧੁਰਾਂ ਦੀ ਸਭ ਨੂੰ ਖਿਚਦੀ,
ਛੋਹ ਗੈਬੀ ਲਈ ਸਭ ਭਟਕਣ ।
ਰੂਹ ਭੁਖੀ ਨਿਤ ਦਰ ਦਰ ਭਟਕੇ,
ਖਿਚ ਭੋਗ, ਰੂਪ ਰਸ ਅਟਕਣ ।
ਧੁਰ ਦਰਗਾਹੋਂ ਆਉਣ ਵਣਜਾਰੇ,
ਉਹ ਛੋਹ ਅਗੰਮੀ ਵੰਡਣ ;
ਰਬੀ ਰੰਗ ਵਿਚਰਨ ਬਹੁ ਰੰਗੀ,
"ਨੂਰ" ਗੋਦੜੀਆਂ ਲਾਲ ਮਟਕਣ ।

# ਲੇਖ-ਸੂਚੀ


| | | | |
|---|---|---|---|
| 1. | ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ | ਬਾਬਾ ਮਧੁਸੂਦਨ ਸਿੰਘ ਜੀ ਬੇਦੀ | 2 |
| 2. | ਬਾਬਾ ਸਾਹਿਬ ਸਿੰਘ ਜੀ ਬੇਦੀ | ਜਗਦੀਸ਼ ਸਿੰਘ ਜੀ ਜਗਦੀਸ਼ | 7 |
| 3. | ਸ੍ਰੀ ਬੀਰ ਮ੍ਰਿਗੇਸ਼ ਬਿਲਾਸ ਦੇਵਤਰੂ | | 9 |
| 4. | ਬਾਬਾ ਸਾਹਿਬ ਸਿੰਘ ਜੀ ਦੇ ਪਵਿਤ੍ਰ ਚਰਨਾਂ ਵਿਚ ਬੇਨਤੀ | ਬੀਰ ਸਿੰਘ ਜੀ ਬੀਰ | 18 |
| 5. | ਸਪੁੱਤ੍ਰ ਬਣੋ ਤੇ ਚਾਬੀਆਂ ਸੰਭਾਲੋ | ਗਿ: ਕਰਤਾਰ ਸਿੰਘ ਜੀ ਸਰਹੱਦੀ | 19 |
| 6. | ਖ਼ਾਲਸਾ ਧਰਮ ਸ਼ਾਸਤ੍ਰ | | 25 |
| 7. | ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ | ਰਾਮਨਰੈਣ ਸਿੰਘ ਜੀ ਦਰਦੀ | 28 |
| 8. | ਜਨਮ ਸਾਖੀ | ਸੰਪਾਦਕ ਪ੍ਰੋ: ਕਿਰਪਾਲ ਸਿੰਘ ਜੀ | 32 |
| 9. | ਗੁਰੂ ਨਾਨਕ | ਗੋਪਾਲ ਸਿੰਘ ਜੀ ਮਿਤਰ | 3 |
| 10. | ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ | ਸੰਪਾਦਕ ਡਾ: ਗੰਡਾ ਸਿੰਘ | 3 |
| 11. | ਕਿਹੜੇ ਖੂੰਜੇ ਡੇਰਾ ਲਾਇਆ | ਬੀਰ ਸਿੰਘ ਜੀ ਬੀਰ | 3 |
| 12. | ਸੰਪ੍ਰਦਾਇਕ ਸਮਾਚਾਰ | | 3 |



ਚੰਦਾ ਦੇਸ : 6-00 ਰੁਪਏ
ਪ੍ਰਦੇਸ : 12-00 ਰੁਪਏ


ਮਾਲਕ, ਐਡੀਟਰ, ਪ੍ਰਕਾਸ਼ਕ ਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ ਨਸ਼ੀਨ ਬਾਬਾ ਸਾਹਿਬ ਸਿੰ
ਜੀ ਬੇਦੀ ਊਨਾ ਸਾਹਿਬ ਨੇ (ਪੰਜਾਬੀ ਸਾਹਿੱਤ) ਅਕਾਡਮੀ ਪ੍ਰੈਸ, ਪੰਜਾਬੀ ਭਵਨ ਲੁਧਿਆਣਾ ਤੋਂ ਛਪਵਾ ਕੇ
ਦਫ਼ਤਰ ਅਜੂਨੀ, ਮਨਸੂਰਾਂ (ਲੁਧਿਆਣਾ) ਤੋਂ ਪ੍ਰਕਾਸ਼ਤ ਕੀਤਾ ।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਸਪੁੱਤਰ ਅਤੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ



| | | | | |
|---|---|---|---|---|
| ਰਕਾਰ ਸ਼ੇਰੇ ਪੰਜਾਬ | ਸ੍ਰੀ ਹਜ਼ੂਰ | ਸ੍ਰੀ ਹਜ਼ੂਰ | ਸ੍ਰੀ ਹਜ਼ੂਰ | ਸ੍ਰੀ ਹਜ਼ੂਰ |
| ਾਜ ਰਣਜੀਤ ਸਿੰਘ ਜੀ | ਬਾਬਾ ਸੁਜਾਨ ਸਿੰਘ ਜੀ | ਬਾਬਾ ਸੂਰਜ ਸਿੰਘ ਜੀ | ਬਾਬਾ ਤੇਗ ਸਿੰਘ ਜੀ | ਬਾਬਾ ਬਿਕ੍ਰਮਾ ਸਿੰਘ ਜ |


(ਇਹ ਦ੍ਰਿਸ਼, ਸ੍ਰੀ ਅੰਮ੍ਰਿਤਸਰ, ਬਾਬਾ ਬਿਕ੍ਰਮਾ ਸਿੰਘ ਜੀ ਦੀ ਸਮਾਧ ਦੀ ਦੀਵਾਰ ਤੋਂ ਲਿਆ ਗਿਆ ਹੈ।)



ਗੁਰਗੱਦੀ ਬਾਬਾ ਸਾਹਿਬ ਸਿੰਘ ਦੇ ਸੇਵਾਦਾਰ ਅੱਜ ਦੇ ਰੂਪ ਵਿਚ
ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ-ਨਸ਼ੀਨ ਊਨਾ ਸਾਹਿਬ ।



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਯਾਤ੍ਰਾ ਸਮੇਂ
ਮਹਾਂਬਲੀ ਪੁਰਮ (ਮਦਰਾਸ) ਸਮੁੰਦਰ ਦੇ ਕੰਢੇ



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ
ਗੁਰਪੁਰਬ ਜਲੂਸ ਦਾ ਦ੍ਰਿਸ਼, ਊਨਾ ਸਾਹਿ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ
ਸਰਪ੍ਰੱਸਤੀ ਹੇਠ ਛਪਣ ਵਾਲਾ

# ਮਾਸਕ ਪੱਤਰ ਅਜੂਨੀ ਮਨਸੂਰਾਂ (ਲੁਧਿਆਣਾ)

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਅੰਕ

ਸਾਲ ੩ ਮਾਰਚ, ੧੯੭੨ ਅੰਕ ੧

੧ ਚੇਤਰ, ਸੰਮਤ ਬਿਕ੍ਰਮੀ ੨੦੨੯, ਨਾਨਕਸ਼ਾਹੀ ੫੦੨

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖ ਗਣਾ ।
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ।
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਇ ਸੋ ਪ੍ਰਭੂ ਤਿਸਕੈ ਪਾਇ ਲਗਾ ॥੨॥

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ

[ ਬਾਬਾ ਮਧੁਸੂਦਨ ਸਿੰਘ ਜੀ ਬੇਦੀ ]

ਧੰਨ ਧੰਨ ਬਾਬਾ ਸਾਹਿਬ ਸਿੰਘ, ਜੋ ਜਮ ਤੇ ਲਏ ਛੁਡਾਏ ॥

ਅਜੂਨੀ ਮਾਸਕ ਪੱਤਰ ਦਾ ਇਹ ੧੨ਵਾਂ ਪਰਚਾ ਛਪ ਰਿਹਾ ਹੈ, ਤੇ ਇਸ ਮਹੀਨੇ ਵਿਚ ੧੫ ਚੇਤਰ ਹੀ ਧੰਨ ਧੰਨ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਦਿਹਾੜਾ ਹੈ, ਜੋ ਹਰ ਸਾਲ ਊਨਾ ਸਾਹਿਬ ਵਿਖੇ ਬੇਅੰਤ ਅਖੰਡ ਪਾਠ ਸੰਗਤਾਂ ਰਖਵਾ, ਮਨਾਂਦੀਆਂ ਹਨ । ਇਸ ਸਾਲ ਵੀ ੧੧੧ ਅਖੰਡ ਪਾਠਾਂ ਦਾ ਭੋਗ ੧੫ ਚੇਤਰ ਨੂੰ ਪਵੇਗਾ ਤੇ ਇਸੇ ਲਈ ਸੰਗਤਾਂ ਦੀ ਸ਼ਰਧਾ ਤੇ ਪਿਆਰ ਨੂੰ ਮੁਖ ਰਖਦਿਆਂ ਹੋਇਆਂ, ਅਜ ਦਾ ਅਜੂਨੀ ਆਪ ਦੇ ਗੁਣਾਂ ਦਾ ਭਰਿਆ ਆਪ ਦੇ ਨਮਿਤ ਹੀ ਛਾਪਿਆ ਜਾ ਰਿਹਾ ਹੈ । ਜਤਨ ਕੀਤਾ ਜਾਂਦਾ ਹੈ ਕਿ ਸੰਗਤਾਂ ਵਿਚ ਜੋ ਮਤਭੇਦ, ਗੁਰੂ ਨਾਨਕ ਪਾਤਸ਼ਾਹ ਦੇ ਸਪੁਤਰ ਸ੍ਰੀ ਬਾਬਾ ਸਾਹਿਬ ਸਿੰਘ ਜੀ ਬਾਰੇ, ਅਤੇ ਆਪ ਦੇ ਦਰ ਘਰ ਬਾਰੇ ਪਾਏ ਜਾਂਦੇ ਹਨ, ਦੂਰ ਕੀਤੇ ਜਾਣ ।

ਅਜ ਦੇ ਸਮੇਂ ਵਿਚ ਸੰਗਤਾਂ ਨੂੰ ਪ੍ਰਚਾਰਕ, ਇਤਹਾਸ ਸੁਣਾ, ਗੁਰੂ ਦੀ ਅੰਸ (ਕਰਮ ਧਰਮ ਵਾਲੀਆਂ) ਤੋਂ ਦੂਰ ਕਰ ਰਹੇ ਹਨ, ਤੇ ਗੁਰੂ ਨਾਨਕ ਪਾਤਸ਼ਾਹ ਦੇ ਦਰ ਘਰ ਨਾਲ ਧਰੋ ਕਮਾ ਰਹੇ ਹਨ । ਜਦ ਆਪ ਕਹਿੰਦੇ ਹਨ, ਕਿ ਗੁਰੂ ਨਾਨਕ ਪਾਤਸ਼ਾਹ ਦੇ ਪੁਤਰ ਨਾਲਾਇਕ ਸਨ, ਪਿਤਾ ਜੀ ਦੇ ਆਖੇ ਨਹੀਂ ਸਨ ਲਗਦੇ, ਪਿਤਾ ਜੀ ਦੇ ਮਿਸ਼ਨ ਦੀ ਵਿਰੋਧਤਾ ਕਰਦੇ ਸਨ, ਇਸ ਲਈ ਆਪ ਨੂੰ ਗੱਦੀ ਦੇ ਯੋਗ ਨਾ ਸਮਝਿਆ ਗਿਆ ਤੇ ਗੱਦੀ ਆਪ ਨੇ ਆਪਣੇ ਸੇਵਕ ਗੁਰੂ ਅੰਗਦ ਦਾਤਾਰ ਪਿਤਾ ਨੂੰ ਦੇ ਦਿਤੀ ।

ਵਿਚਾਰ ਵਾਲੀ ਗੱਲ ਤਾਂ ਇਕੋ ਹੈ, ਜੋ ਭੋਲੀਆਂ ਭਾਲੀਆਂ ਸੰਗਤਾਂ, ਬਗ਼ੈਰ ਸੋਚੇ ਸਮਝੇ, ਬਗ਼ੈਰ ਵਿਚਾਰ ਕੀਤਿਆਂ ਪਾਤਸ਼ਾਹਾਂ ਦੇ ਦਰ ਘਰ ਤੋਂ ਦੂਰ ਰਹਿਣ ਦਾ ਜਤਨ ਕਰਦੀਆਂ ਹਨ, ਤੇ ਉਨ੍ਹਾਂ ਨਾਲਾਇਕਾਂ, ਭੇਖੀ, ਪਖੰਡੀਆਂ, ਨਾਲ (ਜਿਨ੍ਹਾਂ ਝੂਠ ਦਾ ਪਸਾਰਾ ਆਡੰਬਰ ਰਚਿਆ ਹੋਇਆ ਹੈ) ਸੰਬੰਧਤ ਹੋ ਜਾਂਦੀਆਂ ਹਨ ਤੇ ਝੂਠ ਤੋਂ ਬਿਨਾਂ ਪ੍ਰਾਪਤ ਕੁਝ ਨਹੀਂ ਹੁੰਦਾ ਤੇ ਧਰਮ ਸੁਧ ਸਚੇ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਝੂਠਾ ਤੇ ਪਾਖੰਡੀ ਕਹਿ ਪੁਕਾਰਦੇ ਹਨ, ਤੇ ਗੁਰੂ ਨਾਨਕ ਪਾਸੋਂ ਦੂਰ ਚਲੀਆਂ ਜਾਂਦੀਆਂ ਹਨ, ਜੋ ਦੁਖ ਦਾ ਕਾਰਨ ਬਣਦਾ ਹੈ ।

'ਦੁਖ ਤਦੇ ਜੇ ਵਿਸਰ ਜਾਏ ।'

ਇਤਹਾਸਕਾਰ, ਪ੍ਰਚਾਰਕ ਕਹਿੰਦੇ ਹਨ, ਗੁਰੂ ਨਾਨਕ ਪਾਤਸ਼ਾਹ ਚੋਰਾਂ ਵਲ, ਠੱਗਾਂ ਵੱਲ, ਅਪਰਾਧੀਆਂ ਵਲ, ਗੁਨਾਹਗਾਰਾਂ ਵਲ, ਫ਼ਰੇਬੀਆਂ ਵੱਲ, ਝੂਠਿਆਂ ਵੱਲ, ਪਾਪੀਆਂ ਵੱਲ, ਹੰਕਾਰੀਆਂ ਵੱਲ, ਨਿਗਾਹ ਕਰਦੇ ਸਨ ਤੇ ਸਾਧੂ, ਸੰਤ, ਮਹਾਤਮਾ, ਤਪਸਵੀ, ਗੁਰਮੁਖ ਬਣਾ ਦੇਂਦੇ ਸਨ—

'ਜਿਸ ਨੀਚ ਕੋ ਕੋਊ ਨਾ ਜਾਨੇ,<br>ਨਾਮ ਜਪਤ ਚੌਕੁੰਟੀ ਮਾਨੇ ।'<br>'ਧਰਮ ਰਾਏ ਦਰ ਕਾਗਦ ਫਾੜੇ,<br>ਜਨ ਨਾਨਕ ਲੇਖਾ ਸਮਝਾ ।'

ਇਸ਼ਾਰਾ ਕੀਤਾ ਦਾਤਾਰ ਪਿਤਾ ਨੇ, ਮੁਰਦਾ ਜੋ ਸੜ ਰਿਹਾ ਸੀ, ਅਪ੍ਰਾਧੀ, ਗੁਨਾਹਗਾਰ, ਪਾਪੀ ਸੀ, ਪ ਕ ਉਂਗਲੀ ਦੇ ਇਸ਼ਾਰੇ ਨਾਲ ਉਹ ਬਖ਼ਸ਼ਿਆ ਗਿਆ, ਜਿਸ ਨੂੰ ਧਰਮ ਰਾਜ ਦੇ ਦੂਤ ਨਰਕਾਂ ਵਿਚ ਪਾਣ ਲਏ

ਲੈ ਜਾ ਰਹੇ ਸਨ, ਉਹ ਬਖ਼ਸ਼ਿਆ ਗਿਆ, ਛੁਟਕਾਰਾ ਪਾ ਦੇਣ ਤੇ ਅਕਾਲ ਪੁਰਖ ਦਾਤਾਰ ਪਿਤਾ ਦੇ ਚਰਨਾਂ ਵਿਚ ਲੈ ਗਏ। ਸੁਰਗਵਾਸੀ ਬਣਾ ਦਿਤਾ। ਇਥੇ ਹੀ ਬਸ ਨਹੀਂ, ਮਕੇ ਮਦੀਨੇ ਆਪ ਨੇ ਨਿਗਾਹ ਕੀਤੀ—ਟੰਗੋਂ ਪਕੜ ਘਸੀਟਨ ਵਾਲਿਆਂ ਵਲ ਮਕਾ ਮਦੀਨਾ ਘੁਮਾ ਦਿਤਾ—ਬਗ਼ਦਾਦ ਵਿਚ ਪਥਰ ਮਾਰਨ ਵਾਲਿਆਂ ਵਲ, ਉਨ੍ਹਾਂ ਦੇ ਹੱਥ ਰੁਕ ਗਏ—ਵਲੀ ਕੰਧਾਰੀ ਵਰਗੇ ਪਾਪੀਆਂ ਵਲ, ਹਜ਼ਾਰਾਂ ਮਣਾਂ ਦਾ ਪੱਥਰ ਸੁਟਿਆ ਸਤਿਗੁਰੂ ਸਚੇ ਪਾਤਸ਼ਾਹ ਦੇ ਦਸਤੇ-ਮੁਬਾਰਕ ਦੀ ਛੋਹ ਪ੍ਰਾਪਤ ਕਰਕੇ ਅਜ ਵੀ ਪੰਜਾ ਸਾਹਿਬ ਬਣਿਆ—ਸਤਿਗੁਰਾਂ ਦਾ ਕੁਝ ਵਿਗਾੜ ਨ ਸਕਿਆ। ਆਪ ਨੇ ਨਿਗਾਹ ਕੀਤੀ ਕੌੜੇ ਜ਼ਹਿਰ ਵਰਗੇ ਰੀਠੇ ਵੱਲ, ਉਹ ਇਕ ਬਰਿਛ ਦਾ ਫਲ ਹੁੰਦਿਆਂ ਹੋਇਆਂ, ਮਿਠਾ ਹੋ ਗਿਆ, ਅੱਜ ੫੦੪ ਸਾਲ ਤੋਂ ਉਪਰ ਸਮਾਂ ਹੋ ਗਿਆ, ਪਰ ਅਜ ਵੀ ਖੰਡ ਵਰਗਾ ਮਿਠਾ ਫਲ ਪਿਆ ਲਗਦਾ ਹੈ, ਤੇ ਕੀ ਉਹ ਨਿਗਾਹ ਪੁਤਰਾਂ ਵਲ ਨਾ ਕੀਤੀ ਹੋਵੇਗੀ ਤੇ ਪੁਤਰ ਨਾਲਾਇਕ ਹੀ ਰਹਿ ਗਏ ? ਜੀਭ ਸੜੇ ਪੁਤਰਾਂ ਨੂੰ ਨਾਲਾਇਕ ਕਹਿਣ ਵਾਲਿਆਂ ਦੀ। ਪਾਤਸ਼ਾਹਾਂ ਦਾ ਪ੍ਰੋਗਰਾਮ ਹੀ ਇਸੇ ਤਰ੍ਹਾਂ ਦਾ ਸੀ—ਸਿਰਫ਼ ਗੁਰੂ ਸਚੇ ਪਾਤਸ਼ਾਹ ਦੇ ਖ਼ੂਨੀ ਨਾਤੇ ਨਾਲੋਂ ਸੰਗਤਾਂ ਨੂੰ ਤੋੜਨ ਦਾ ਪ੍ਰਬੰਧ ਕੀਤਾ, ਗੁਰੂ ਅੰਸ ਨਾਲੋਂ ਵਰਗਲਾਣ ਦੀ ਕੋਸ਼ਿਸ਼ ਕੀਤੀ। ਕੋਸ਼ਿਸ਼ ਕੀਤੀ ਜੋ ਸੰਗਤਾਂ ਸੰਬੰਧਤ ਹੋ ਜਾਣ—ਪਥਰਾਂ ਨਾਲ, ਬੇਰੀਆਂ ਨਾਲ, ਢੇਮਾਂ ਨਾਲ ਤੇ ਹੋਰ ਵਸਤੂਆਂ ਨਾਲ, ਜੋ ਬੋਲਨ ਨਾ ਤੇ ਇਹ ਧਰਮ ਦੇ ਪਾਖੰਡੀ ਠੇਕੇਦਾਰ ਆਪਣਾ ਉਲੂ ਸਿਧਾ ਕਰਦੇ ਰਹਿਣ ਤੇ ਗੁਰੂ ਦੀਆਂ ਗੋਲਕਾਂ ਲੁਟਦੇ ਰਹਿਣ ਤੇ ਸਚ ਕਹਿਣ ਵਾਲਾ, ਸਚ ਨਾਲ ਜੋੜਨ ਵਾਲੀ ਸ਼ਕਤੀ ਹੀ ਖਤਮ ਹੋ ਜਾਵੇ। ਪੁਤਰ ਨਾਲਾਇਕ ਸਨ ਤਾਂ ਇਤਿਹਾਸ ਵਿਚਾਰੋ।

ਆਪ ਦੇ ਬਾਬਾ ਸ੍ਰੀ ਚੰਦ ਜੀ ਮਹਾਰਾਜ ਤੇ ਬਾਬਾ ਲਖਮੀ ਦਾਸ ਜੀ ਮਹਾਰਾਜ ਦੋ ਪੁਤਰ ਹੋਏ ਹਨ। ਬਾਬਾ ਸ੍ਰੀ ਚੰਦ ਜੀ ਮਹਾਰਾਜ ਪੂਰਨ ਸਾਧੂ, ਤਿਆਗੀ, ਦੁਨੀਆਂ ਦੀ ਕਿਸੇ ਚੀਜ਼ ਨਾਲ ਮੋਹ ਤੇ ਪਿਆਰ ਨਹੀਂ, ਪੂਰਨ ਤਿਆਗੀ ਪੁਤਰ।

'ਸਾਧੋ ਮਨ ਕਾ ਮਾਨ ਤਿਆਗੋ'

ਪੂਰਨ ਸਿਮਰਨ ਵਾਲੇ ਪੰਚਮ ਪਾਤਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਜਦ ਸੁਖਮਨੀ ਸਾਹਿਬ ਲਿਖ ਰਹੇ ਸਨ ਤੇ ੧੫ ਅਸ਼ਟਪਦੀਆਂ ਉਚਾਰਨ ਕਰ ਲਈਆਂ ਤੇ ੧੬ਵੀਂ ਵੇਲੇ ਆਪਦੀ ਰਸਨਾ ਰੁਕ ਗਈ, ਤੇ ਆਪ ਪੁਜੇ ਬਾਬਾ ਸ੍ਰੀ ਚੰਦ ਜੀ ਪਾਸ। ਆਪ ਦੀ ਓਟ ਤੇ ਆਸਰਾ ਲਿਆ, ਤੇ ਅਤਿ ਨਿਮਰਤਾ ਸਹਿਤ ਆਤਮਿਕ ਦਾਤ ਮੰਗੀ, ਤੇ ਆਖਿਆ ਆਪਣੇ ਪੂਜ ਪਿਤਾ ਜੀ ਦਾ ਆਪ ਸਰੂਪ ਹੋ, ਤੇ ਬਖ਼ਸ਼ਸ਼ ਕਰੋ, ਤਾਂ ਬਾਬਾ ਸ੍ਰੀ ਚੰਦ ਜੀ ਮਹਾਰਾਜ ਨੇ ਫ਼ੁਰਮਾਇਆ ਇਹ ਇਤਨੀ ਲੰਮੀ ਦਾਹੜੀ ਕਿਉਂ ਵਧਾਈ ਜੇ ? ਗੁਰੂ ਅਰਜਨ ਦੇਵ ਪਾਤਸ਼ਾਹ ਨੇ ਫ਼ੁਰਮਾਇਆ: ਆਪ ਦੇ ਚਰਨ ਝਾੜਨ ਲਈ। ਬਾਬਾ ਸ੍ਰੀ ਚੰਦ ਜੀ ਦਾ, ਇਨ੍ਹਾਂ ਨਿਮਰਤਾ ਭਰੇ ਸ਼ਬਦਾਂ ਨਾਲ, ਮਨ ਜਿਤਿਆ ਗਿਆ ਤੇ ਆਖਿਆ: ਦਾਤ ਤਾਂ ਸਤਿਗੁਰੂ ਨਾਨਕ ਪਾਤਸ਼ਾਹ—ਪੂਜ ਪਿਤਾ ਜੀ, ਅਗੇ ਹੀ ਆਪ ਦੇ ਗਏ ਸਨ, ਤੇ ਹੁਣ ਬਾਕੀ ਆਪ ਲੈਣ ਆਏ ਹੋ, ਤਾਂ ਲੈ ਲਓ—ਆਪਣੀ ਰਸਨਾ ਤੋਂ ਸਲੋਕ ੧੬ਵੀਂ ਅਸ਼ਟਪਦੀ ਦਾ ਉਚਾਰਨ ਕੀਤਾ, ਤੇ ਫ਼ੁਰਮਾਇਆ: ਜਾਓ, ਆਪ ਪਾਸ ਦਾਤਾਂ ਦੀ ਘਾਟ ਨਹੀਂ, ਤੇ ਬਾਕੀ ਜੋ ਮੇਰੇ ਪਾਸ ਸੀ, ਉਹ ਵੀ ਆਪਨੂੰ ਦੇ ਦਿਤੀ, ਤਦ ਬਾਕੀ ਸੁਖਮਨੀ ਸਾਹਿਬ ਦੀ ਬਾਣੀ ਉਚਾਰਨ ਕੀਤੀ ਤੇ ਮੁਕੰਮਲ ਸੁਖਾਂ ਦੀ ਮਣੀ ਪੂਰੀ ਹੋਈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਜਦ ਬਾਬਾ ਸ੍ਰੀ ਚੰਦ ਜੀ ਪਾਸ ਆਏ ਤਾਂ ਆਪਣਾ ਲਖ਼ਤੇ-ਜਿਗਰ ਸਪੁੱਤਰ ਬਾਬਾ ਗੁਰਦਿਤਾ ਜੀ ਹੋਰ ਅਨੇਕਾਂ ਵਸਤੂਆਂ ਨਾਲ ਭੇਟਾ ਕਰ ਦਿਤਾ॥

ਆਪ ਬਾਬਾ ਸ੍ਰੀ ਚੰਦ ਜੀ ਮਹਾਰਾਜ ਦਾ ਅਜ ਵੀ ਸੋਹਣਾ ਮੱਤ ਪੂਰਨ ਗੁਰਮਤਿ ਵਾਲਾ, ਗੁਰਮਤਿ ਦਾ ਪ੍ਰਚਾਰ ਕਰਨ ਵਾਲਾ, ਉਦਾਸੀ ਸੰਪ੍ਰਦਾਇ ਕਾਇਮ ਹੈ। ਦੁਨੀਆਂ ਵਿਚ ਅਖਾੜੇ ਮੌਜੂਦ ਹਨ। ਨਾਲਾਇਕਾਂ ਦੀਆਂ

ਸੰਪ੍ਰਦਾਇਆਂ ਨਹੀਂ ਚਲਦੀਆਂ, ਨਾਲਾਇਕਾਂ ਨੂੰ ਸਤਿਗੁਰੂ ਸਚੇ ਪਾਤਸ਼ਾਹ ਦੀਆਂ ਆਤਮਿਕ ਜੋਤਾਂ ਕਦੇ ਅਜਿਹੀਆਂ ਅਨਮੁਲੀਆਂ ਭੇਟਾਂ ਨਾ ਕਰਦੀਆਂ। ਅੰਸ ਨਾਲਾਇਕ ਨਹੀਂ, ਆਖਣ ਵਾਲੇ ਇਤਿਹਾਸਕਾਰ ਆਪ ਨਾਲਾਇਕ ਹਨ ਤੇ ਸੰਗਤਾਂ ਨੂੰ ਵਰਗਲਾ ਰਹੇ ਹਨ।

ਦੂਜੇ ਪੁਤਰ ਬਾਬਾ ਲਖਮੀ ਦਾਸ ਜੀ ਦੀ ਸੰਪਰਦਾਏ ਅਜ ਤਕ ਮੌਜੂਦ ਹੈ।

"ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ"

ਆਪ ਦੇ ਪੁਤਰ ਅਜ ਵੀ ਕਹਾਣੀਆਂ ਗੁਰੂ ਨਾਨਕ ਪਾਤਸ਼ਾਹ ਵਾਲੀਆਂ ਕਰਦੇ ਹਨ ਤੇ ਪੂਜੇ ਜਾਂਦੇ। ਜੇ ਦੁਨੀਆਂ ਦੇ ਸੰਸਕਾਰਾਂ ਅਨੁਸਾਰ ਪੁਤਰ ਕਪੁਤਰ ਬਣ ਜਾਣ, ਨਾਲਾਇਕ ਹੋ ਜਾਣ, ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਮਸਤ ਹੋ ਜਾਣ, ਤੇ ਆਪਣੀ ਪਿਤਾ-ਪੁਰਖੀ ਵਾਲੀ ਰਹੁ-ਰੀਤੀ ਨੂੰ ਭੁਲ ਜਾਣ, ਤਾਂ ਉਹ ਸਪੁੱਤਰ ਨਹੀਂ—ਕਪੁਤਰ ਕਹਾਂਦੇ ਹਨ। ਉਨ੍ਹਾਂ ਨਾਲ ਸੰਬੰਧ ਰਖਣਾ ਭੁਲ ਹੈ।

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟਿਓ ਨਾਨਕ ਰਾਏ।

ਪਿਛਲੇ ਮਹੀਨੇ ਦੇ ਅਜੂਨੀ ਪੜ੍ਹਨ ਵਾਲਿਆਂ ਨੂੰ ਪਤਾ ਹੋਵੇਗਾ, ਜੋ ਬੇਦੀਆਂ ਦੀ ਬੰਸ ਸ੍ਰੀ ਰਾਮ ਚੰਦਰ ਜੀ ਤੋਂ ਚਲਦੀ ਹੈ। ਗੁਰੂ ਨਾਨਕ ਪਾਤਸ਼ਾਹ ਸਮੇਂ ਬੇਅੰਤ ਬੇਦੀ ਸਨ, ਪਰ ਪੂਜਨ ਜੋਗ ਨਹੀਂ ਹੋਏ, ਉਹ ਤਾਂ ਇਕੋ ਗੁਰੂ ਨਾਨਕ ਹੀ ਸਨ। ਇਸ ਲਈ ਇਹ ਅਜ ਵੀ ਸਚ ਹੈ। ਬੀਜ ਨਾਸ ਨਹੀਂ। ਇਹ ਸੰਪ੍ਰਦਾਇਕ ਰੁਤਬਾ ਬਾਬਾ ਸਾਹਿਬ ਸਿੰਘ ਜੀ ਨੂੰ ਪ੍ਰਾਪਤ ਹੋਇਆ ਹੈ, ਜੋ ਬਾਬਾ ਲਖਮੀ ਦਾਸ ਜੀ ਤੋਂ ੧੦ਵੀਂ ਜਗ੍ਹਾ ਤੇ ਸੰਤਾਨ ਵਿਚੋਂ ਸਨ, ਤੇ ਗੁਰੂ ਨਾਨਕ ਪਾਤਸ਼ਾਹ ਤੋਂ ੧੧ਵੀਂ ਜਗ੍ਹਾ ਸੰਤਾਨ ਵਿਚੋਂ ਸਨ।

ਆਪ ਦੀ ਸੰਤਾਨ ਨੇ ਜੋ ਅਜ ਤਕ ਕਰਮ ਧਰਮ ਕੀਤੇ ਹਨ, ਸੰਗਤਾਂ ਵਿਚ ਉਘੇ ਹਨ। ਇਹ ਇਕ ਸੰਪ੍ਰਦਾਇ ਹੈ ਜਿਸ ਦੇ ਪਾਸ ਸਿਰਫ਼ ਗੁਰੂ ਨਾਨਕ ਹੀ ਗੁਰੂ ਨਾਨਕ ਹੈ। ਗੁਰੂ ਨਾਨਕ ਨੂੰ ਛੱਡ, ਉਨ੍ਹਾਂ ਦੇ ਪਲੇ ਕੁਝ ਵੀ ਨਹੀਂ, ਪੂਜਨ ਜੋਗ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਕਾਰਨ ਹਨ—

'ਕਹੁ ਨਾਨਕ ਸਭ ਤੇਰੀ ਵਡਿਆਈ, ਕੋਈ ਨਾਉ ਨਾ ਜਾਣੇ ਮੇਰਾ।

ਕੋਈ ਸਾਧੂ, ਮਹਾਤਮਾ, ਸੰਤ ਆਪਣੀ ਸੰਪਰਦਾਇ, ਭੇਖ, ਆਪਣੇ ਗੁਰੂ ਪੀਰ ਦੀ ਉਸਤਤ ਕਰ, ਸੰਗਤਾਂ ਨੂੰ ਪਰੇਰਦਾ ਹੈ, ਪਰ ਇਸ ਗੁਰੂ ਨਾਨਕ ਪਾਤਸ਼ਾਹ ਦੀ ਅੰਸ ਬੰਸ ਪਾਸ ਤੇ ਸੰਪ੍ਰਦਾਏ, ਭੇਖ ਤੇ ਗੁਰੂ ਕੇਵਲ ਗੁਰੂ ਨਾਨਕ ਹੈ। ਬੇਦੀ ਸਾਹਿਬਜ਼ਾਦਾ ਹੁੰਦਾ ਜੇ ਕਦੇ ਪ੍ਰਚਾਰ ਕਰੇਗਾ, ਗੁਰੂ ਸਿਖ ਨੂੰ ਪ੍ਰੇਰੇਗਾ, ਤਾਂ ਗੁਰੂ ਨਾਨਕ ਪਾਤਸ਼ਾਹ ਦਾ ਇਤਿਹਾਸ, ਬਚਨ (ਗੁਰਬਾਣੀ) ਸੁਣਾ ਆਪ ਦਾ ਸੇਵਕ ਬਨਾਏਗਾ। ਇਹ ਤਾਂ ਪੂਰੀ ਨਿਸ਼ਕਾਮਤਾ ਗੁਰੂ ਨਾਨਕ ਪਾਤਸ਼ਾਹ ਤੋਂ ਲੈ, ਗਿਆਰਵੀਂ ਜੋਤ ਗੁਰੂ ਗਰੰਥ ਸਾਹਿਬ ਦਾ ਸਚਾ ਤੇ ਸੁਚਾ ਸੇਵਕ ਹੈ॥ ਇਸ ਵਿਚ ਕੋਈ ਸ਼ਕ ਨਹੀਂ ਜੋ ਗੁਰੂ ਨਾਨਕ ਦਾ ਸੇਵਕ ਹੈ ਉਸ ਦਾ ਸਤਿਕਾਰ ਹੁੰਦਾ ਹੈ, ਫੇਰ ਗੁਰੂ ਅੰਸ ਤਾਂ ਗੁਰੂ ਦਾ ਖੂਨ ਹੈ—ਇਹ ਤਾਂ ਸੋਨੇ ਤੇ ਸੁਹਾਗਾ ਹੈ, ਇਸ ਲਈ ਇਹ ਕਹਿਣਾ ਗੁਰੂ ਅੰਸਾਂ ਦਾ ਕਿਉਂ ਸਤਿਕਾਰ ਹੁੰਦਾ ਹੈ—ਭੁਲ ਹੈ।

ਇਕ ਰਾਗੀ ਸਿੰਘ, ਪ੍ਰਚਾਰਕ, ਸੰਤ ਮਹੰਤ, ਗੁਰਮੁਖ ਗੁਰੂ ਕਾ ਲਾਲ, ਗੁਰੂ ਵਾਲਾ ਕੋਈ ਹੋਵੇ, (ਕਦੇ ਨਹੀਂ ਪੁਛਿਆ ਉਚੀ ਕੁਲ ਜਾਂ ਨੀਚੀ) ਉਸ ਦਾ ਸਤਿਕਾਰ ਕਰਦੇ ਹਾਂ, ਆਪਣੀ ਖੂਨ ਪਸੀਨੇ ਦੀ ਕਮਾਈ ਨਿਛਾਵਰ ਕਰਦੇ ਹਾਂ, ਜੋ ਬੇਦੀ ਸਾਹਿਬਜ਼ਾਦਾ ਹੋਵੇ ਤਾਂ ਕਿਉਂ ਮਨ ਵਿਚ ਸਤਿਕਾਰ ਦੀ ਥਾਂ ਘਿਰਨਾ ਆਵੇ। ਅਜ ਸਾਡਾ ਪੰਥ ਤੇ ਕੌਮ ਦਾ ਪ੍ਰਚਾਰ ਦੋ ਦੋ ਚਾਰ ਚਾਰ ਹਜ਼ਾਰ ਲੈ ਕੇ ਵੀ ਕੋਈ ਨਹੀਂ ਕਰਦਾ ਤੇ ਮੁਢੋਂ ਹੀ ਬੇਦੀ ਸਾਹਿਬਜ਼ਾਦੇ ਘਰ ਘਰ ਜਾ, ਪਿੰਡ ਪਿੰਡ ਜਾ, ਨਿਸ਼ਕਾਮਤਾ ਵਾਲਾ ਪ੍ਰਚਾਰ ਕਰਦੇ ਸਨ ਤੇ ਗੁਰੂ ਸਿਖਾਂ ਨੂੰ ਗੁਰਮਤਿ ਅਨੁਸਾਰ ਪ੍ਰੇਰਦੇ ਸਨ, ਜੋ



ਅਜੂਨੀ

ਉਨ੍ਹਾਂ ਦਾ ਕਰਮ ਧਰਮ ਸੀ। ਗੁਰਸਿਖ ਤਿੰਨ ਕਰਮ ਕਰ, ਗੁਰਸਿਖ ਅਖਵਾਉਂਦਾ ਹੈ—"ਪੁਨ ਦਾਨ ਪੂਜਾ ਪ੍ਰਮੇਸ਼ਵਰ"

(ੳ) ਪੁਨ (ਅ) ਦਾਨ (ੲ) ਪੂਜਾ ਤਿੰਨੇ ਪ੍ਰਮੇਸ਼ਵਰ ਦੀਆਂ

ਤਿੰਨੇ ਕਰੇ ਤਾਂ ਅਕਾਲ ਪੁਰਖ ਦਾਤਾਰ ਦੀ ਪ੍ਰਸੰਤਾ ਹੈ, ਪਰ ਜੇ ਨਾ ਕਰੇ, ਤਾਂ ਪ੍ਰਮੇਸ਼ਵਰ ਤੋਂ ਭੁਲ ਗਿਆ ਤੇ ਪਾਤਸ਼ਾਹਾਂ ਦੀ ਕਰੋਪੀ—"ਪ੍ਰਮੇਸ਼ਵਰ ਤੇ ਭੁਲਿਆਂ, ਵਿਆਪਨ ਸਭੇ ਰੋਗ"

ਤੇ ਰੋਗ ਆ ਘੇਰਦੇ ਹਨ, ਤੇ ਇਨ੍ਹਾਂ ਕਰਮਾਂ ਲਈ ਨਿਸ਼ਕਾਮਤਾ ਵਾਲਾ ਪ੍ਰਚਾਰ ਕੀਤਾ ਤਾਂ ਬਾਬਾ ਕਹਿਲਵਾਇਆ ਹੈ, ਜਿਸ ਸੁਖ ਮਾਣਿਆ ਉਸ ਜੇ ਕੋਈ ਰੁਪਇਆ ਧੇਲੀ ਦੇ ਵੀ ਦਿਤਾ ਜਾਂ ਸਤਿਕਾਰ ਹੋਇਆ ਤਾਂ ਭੁਲ ਨਹੀਂ, ਉਹ ਗੁਰ ਸਿਖ ਤਾਂ ਇਸ ਸਚੇ ਪ੍ਰਚਾਰ ਨੂੰ ਕਾਇਮ ਰਖਨ ਵਿਚ ਸਹਾਇਤਾ ਸਹਿਯੋਗ ਦੇਂਦਾ ਹੈ ਤਾਂ ਇਹ ਗੁਰੂ ਨਾਨਕ ਵਾਲਾ ਪ੍ਰਚਾਰ ਸਦਾ ਕਾਇਮ ਰਹੇ। ਇਨ੍ਹਾਂ ਕਰਮਾਂ ਲਈ ਹੀ ਅਜ ਪੂਜਾ ਹੁੰਦੀ ਹੈ ਬਾਬਾ ਲਖ਼ਮੀ ਦਾਸ ਜੀ ਦੀ ਸੰਤਾਨ ਦੀ, ਖ਼ਾਸ ਕਰ—

ਬਾਬਾ ਕਲਾਧਾਰੀ ਜੀ,
ਬਾਬਾ ਅਜੀਤ ਸਿੰਘ ਜੀ,
ਬਾਬਾ ਸਾਹਿਬ ਸਿੰਘ ਜੀ,
ਬਾਬਾ ਬਿਕ੍ਰਮਾ ਸਿੰਘ ਜੀ

ਤੇ ਅਜ ਤਕ ਦਾਸ ਵੀ (ਅਨੇਕਾਂ ਔਕੜਾਂ ਦੇ ਬਾਵਜੂਦ) ਇਨ੍ਹਾਂ ਕਰਮਾਂ ਵਿਚ ਰੁਝਿਆ ਹੋਇਆ ਹੈ।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ੧੭੫੬ ਸੰਨ ਵਿਚ ਡੇਰਾ ਬਾਬਾ ਨਾਨਕ ਵਿਖੇ ਹੋਇਆ। ਆਪ ਡੇਰਾ ਬਾਬਾ ਨਾਨਕ ਤੋਂ ਬਚਪਨ ਵਿਚ ਆ ਗਏ, ਜਦ ਆਪ ਨੂੰ ਆਪਣੇ ਪਿਤਾ ਜੀ ਬਾਬਾ ਅਜੀਤ ਸਿੰਘ ਜੀ ਜਿਨ੍ਹਾਂ ਦਾ ਯਾਤਰਾ ਕਰਦਿਆਂ ਕਲਕਤੇ ਵਿਖੇ ਦੇਹਾਂਤ ਹੋ ਗਿਆ, ਖਬਰ ਮਿਲੀ, ਉਸ ਦਿਹਾੜੇ ਤੋਂ ਆਪ ਨੇ ਤਪੱਸਵੀ ਜੀਵਨ ਅਖਤਿਆਰ ਕੀਤਾ ਤੇ ੧੨ ਸਾਲ ਤਪਸਿਆ ਪੂਰੀ ਕਰ ਕੇ ਆਪ ਨੇ ਮਾਤਾ ਜੀ ਦਾ ਹੁਕਮ ਮੰਨ ਕੇ ਸ੍ਰੀ ਅਨੰਦਪੁਰ ਸਾਹਿਬ ਅਕਾਲ ਤਖ਼ਤ ਪੁਜ, ਖੰਡੇ ਦਾ ਅੰਮ੍ਰਿਤ ਪਾਨ ਕੀਤਾ, ਤੇ ਐਥੇ ਆਪਣਾ ਜੀਵਨ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਵਾਲਾ ਅਪਨਾ ਲਿਆ, ਤੇ ਪਿੰਡ ਪਿੰਡ ਜਾ ਪ੍ਰਚਾਰ ਅਰੰਭਿਆ। ਮਾਲਵੇ ਦੀ ਧਰਤੀ ਤੇ ੧੭੦੦੦ ਪਿੰਡਾਂ ਨੂੰ ਸੁਲਤਾਨੀ ਪੂਜਾ ਤੋਂ ਹਟਾ, ਗੁਰਸਿਖ ਸਾਜ, ਅੰਮ੍ਰਿਤ ਦਾ ਬਾਟਾ ਤਿਆਰ ਕਰ, ਸਭ ਨੂੰ ਅੰਮ੍ਰਿਤ ਛਕਾ—

'ਖਾਲਸਾ ਮੇਰੋ ਰੂਪ ਹੈ ਖਾਸ' ਬਣਾ ਦਿਤਾ। ਐਥੇ ਹੀ ਬਸ ਨਹੀਂ, ਦੁਆਬਾ, ਮਾਝਾ, ਪੋਠੋਹਾਰ ਦੇ ਇਲਾਕਿਆਂ ਵਿਚ ਗੁਰਸਿਖੀ ਦੀਆਂ ਧੁੰਮਾਂ ਮਚਾ ਦਿਤੀਆਂ। ਆਪ ਦੇ ਕਰਮ ਧਰਮ ਨੂੰ ਦੇਖ, ਇਕ ਬਜ਼ੁਰਗ ਬੇਦੀ ਸਾਹਿਬਜ਼ਾਦੇ ਗੁਰੂ ਕੀ ਅੰਸ ਜਾਨ, ਪੂਜਨਯੋਗ ੩੬੫ ਦਮਦਮੇ ਅਸਥਾਨ ਕਾਇਮ ਕੀਤੇ। ਮਹਾਰਾਜਾ ਰਣਜੀਤ ਸਿੰਘ ਆਪਣੇ ਮੁਰਾਸਲਿਆਂ ਵਿਚ ਲਿਖਦਾ ਸੀ 'ਸਤਿਗੁਰੂ ਬਾਬਾ ਸਾਹਿਬ ਸਿੰਘ ਦੋ ਜਹਾਨ ਦੇ ਵਾਲੀ'—ਕਿਉਂ ਨਾ ਲਿਖਦਾ? ਕਰਮ ਧਰਮ ਜੋ ਸਤਿਗੁਰੂ ਨਾਨਕ ਸਤਿਗੁਰੂ ਗੋਬਿੰਦ ਸਿੰਘ ਜੀ ਵਾਲੇ ਕਰਦੇ ਰਹੇ, ਇਥੇ ਹੀ ਬਸ ਨਹੀਂ, ਸੇਵਾ ਭਾਵ ਲਈ ਸਦਾ ਤਿਆਰ, ਜਿਥੇ ਗੁਰੂ ਦੀਆਂ ਸੰਗਤਾਂ ਦੀ ਸੰਭਾਲ ਕਰਦਿਆਂ ਹੋਇਆਂ, ਸੰਗਤਾਂ ਨੂੰ ਪ੍ਰੇਰ, ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਜੋੜਦੇ ਸਨ।

ਅਜ ਵੀ ਇਤਿਹਾਸ ਸ਼ਾਹਿਦ ਹੈ, ਜੋ ਨਿਰਮਲ ਮਹਾਤਮਾ ਸੰਤ ਵੀਰ ਸਿੰਘ ਜੀ ਨੌਰੰਗਾਬਾਦ ਵਾਲੇ, ਸੰਤ ਖ਼ੁਦਾ ਸਿੰਘ ਜੀ ਹੋਤੀ ਮਰਦਾਨ ਵਾਲੇ ਅਤੇ ਭਾਈ ਬਸਤੀ ਰਾਮ ਜੀ ਲਾਹੌਰ ਵਾਲੇ, ਭਾਈ ਹਰੀ ਸਿੰਘ ਜੀ, ਭਾਈ ਭਗਤ ਸਿੰਘ ਜੀ ਮਿਠਾ ਟਿਵਾਨੇ ਵਾਲੇ, ਭਾਈ ਰਾਮ ਕਿਸ਼ਨ ਜੀ, ਤੇ ਹੋਰ ਸੇਵਾ-ਪੰਥੀ ਮਹਾਤਮਾ, ਬਾਬਾ ਸਾਹਿਬ ਸਿੰਘ ਜੀ ਪਾਸੋਂ ਵਰੋਸਾਏ ਹੋਏ ਚਲੇ ਆਏ ਤੇ ਇਸ ਗੱਲ ਦਾ ਮਾਣ ਕਰਦੇ ਹਨ ਜੋ ਬਾਬਾ ਸਾਹਿਬ ਸਿੰਘ ਜੀ ਦੇ ਸੇਵਕ ਹਨ, ਤੇ

ਆਪ ਪਾਸੋਂ ਗੁਰੂ ਨਾਨਕ ਪਾਤਸ਼ਾਹ ਵਾਲਾ ਗੁਰਮੰਤ੍ਰ ਲੈ, ਗੁਰੂ ਕਰ ਪੂਜਦੇ ਸਨ। ਸਿਰਫ਼ ਸੇਵਕ ਬਣਾਨਾ ਹੀ ਕਾਫ਼ੀ ਨਹੀਂ, ਜੇ ਕਦੇ ਇਹ ਮਹਾਤਮਾ ਉਨੇ ਸਾਹਿਬ ਦੀ ਯਾਤਰਾ ਲਈ ਸਿਆਲ ਦੇ ਮੌਸਮ ਵਿਚ ਆਪ ਪਾਸ ਪੁਜੇ, ਤੇ ਬਾਰਸ਼ ਦਾ ਮੌਸਮ ਸੀ, ਝੜੀ ਅਠ ਦਿਨ ਦੀ ਸੀ, ਤੇ ਲਾਂਗਰੀ ਸਿੰਘਾਂ ਪੁਕਾਰ ਕੀਤੀ ਕਿ ਰਸਦ ਤਾਂ ਬੇਅੰਤ ਹੈ ਪਰ ਲਕੜੀਆਂ ਗਿਲੀਆਂ ਹਨ। ਸੋ ਪਾਤਸ਼ਾਹ ਨੇ ਆਪਣੇ ਦਰਵਾਜ਼ੇ, ਕੜੀਆਂ, ਬਾਲੇ ਚਿਰਵਾਕੇ ਲਕੜੀਆਂ ਦਾ ਢੇਰ ਲਗਾ ਦਿਤਾ, ਤੇ ਆਖਿਆ—ਲਓ ਲਕੜੀਆਂ ਲੰਗਰ ਤਿਆਰ ਕਰੋ, ਤੇ ਅਗ ਜਲਾ ਸਿਕਾਓ। ਅਹਿਲਕਾਰਾਂ, ਮੁਨਸ਼ੀਆਂ, ਮੁਸੱਦੀਆਂ ਪੁਕਾਰ ਕੀਤੀ ਸਚੇ ਪਾਤਸ਼ਾਹ ਇਹ ਦਰਵਾਜ਼ੇ ਹਜ਼ਾਰਾਂ ਰੁਪਿਆ ਖਰਚ ਹੋ ਕੇ ਤਿਆਰ ਹੋਏ ਸਨ, ਆਪ ਨੇ ਬੜਾ ਮਾਇਕ ਨੁਕਸਾਨ ਕਰ ਦਿਤਾ ਹੈ, ਤਾਂ ਫੁਰਮਾਇਆ ਦਰਵਾਜ਼ੇ ਤਾਂ ਫੇਰ ਵੀ ਬਣ ਜਾਣਗੇ ਪਰ ਇਹ ਸੇਵਾ ਫੇਰ ਹੱਥ ਨਹੀਂ ਸੀ ਆਉਣੀ। ਕਿਤਨਾ ਨਿਮਰਤਾ ਭਾਵ ਹੈ। ਜਿਥੇ ਮਹਾਤਮਾ ਸੇਵਕ ਹਨ ਉਥੇ ਆਪ ਵੀ ਸੇਵਾ ਲਈ ਤਿਆਰ ਹਨ। ਆਪ ਦਾ ਸਦਾ-ਬਰਤ ਲੰਗਰ ਹਰ ਸਮੇਂ ਚਲਦਾ ਸੀ। ਹੋਲੇ ਮਹੱਲੇ ਸਮੇਂ ਆਪ ਦੇ ਲੰਗਰ ਦਾ ਲੇਖਾ ਕੇਵਲ ਲੂਣ ਦਾ ਹੈ ਜੋ 35 ਮਣ ਪਕਾ ਲਗਾ। ਅੰਦਾਜ਼ਾ ਸੰਗਤ ਦਾ ਆਪ ਹੀ ਲਗਾ ਲਓ। ਕਿਤਨਾ ਸੰਗਤ ਪਿਆਰ ਕਰਦੀ ਸੀ। ਆਪ ਦੇ ਅਨੇਕਾਂ ਹੀ ਗੁਣ ਹਨ—ਇਨ੍ਹਾਂ ਗੁਣਾਂ ਦਾ ਸਦਕਾ ਹੈ ਜੋ ਆਪ ਨੇ ਗੁਰਸਿੱਖਾਂ ਦੀ ਕੌਮ, ਖਾਲਸਾ ਪੰਥ ਨੂੰ, ਜੋ ੧੮ ਮਿਸਲਾਂ ਵਿਚ ਵੰਡਿਆ ਹੋਇਆ ਸੀ, ਆਪ ਨੇ ਇਕ ਗੁਰਸਿਖੀ ਦੇ ਧਰਮ ਦੇ ਰਸਤੇ ਤੇ ਲਿਆ, ਪੰਜਾਬ ਦੀ ਧਰਤੀ ਤੇ ਸਿੱਖ ਰਾਜ ਕਾਇਮ ਕੀਤਾ—ਮਾਤਰ ਭੂਮੀ ਮੁਗ਼ਲ ਬਦੇਸ਼ੀ ਹਕੂਮਤ ਤੋਂ ਅਜ਼ਾਦ ਕਰਵਾ ਗੁਰੂ ਖਾਲਸੇ ਦਾ ਰਾਜ ਕਾਇਮ ਕੀਤਾ, ਤੇ ੧੮੦੧ ਵਸਾਖੀ ਵਾਲੇ ਦਿਹਾੜੇ ਆਪਣੇ ਸੇਵਕ ਰਣਜੀਤ ਸਿੰਘ ਨੂੰ ਲਾਹੌਰ ਦੇ ਤਖ਼ਤ ਤੇ ਬਿਠਾ, ਰਾਜ ਤਿਲਕ ਦੇ ਕੇ ਮਹਾਰਾਜਾ ਕਾਇਮ ਕੀਤਾ। ਆਪ ਦਾ ਪ੍ਰਤਾਪ ਆਤਮਿਕ ਬੇਅੰਤ ਸੀ, ਪ੍ਰੰਤੂ ਹਰ ਸਮੇਂ ਆਪ ਨਾਲ ੮,੧੦ ਹਜ਼ਾਰ ਫ਼ੌਜ ਰਹਿੰਦੀ ਸੀ। ਇਸ ਲਈ ਸਰੀਰਕ ਬਲ ਵੀ ਘਟ ਨਹੀਂ ਸੀ। ਜੇ ਕਦੇ ਮਾਲਵੇ ਦੀ ਧਰਤੀ ਤੇ ਗੁਰਸਿਖਾਂ ਨੂੰ ਮੁਗ਼ਲ ਪਠਾਨ, ਮਲੇਰ-ਕੋਟਲਾ ਤੇ ਰਾਏਕੋਟ ਵਾਲੇ, ਤੰਗ ਕਰ ਰਹੇ ਸਨ, ਤੇ ਗਊ-ਬਧ ਕਰ ਗਊ ਮਾਸ ਦਾ ਵਰਤਨ ਜ਼ਬਰਦਸ਼ਤੀ ਕਰਾਉਂਦੇ ਸਨ, ਤਾਂ ਬਾਬਾ ਸਾਹਿਬ ਸਿੰਘ ਜੀ ਦੇ ਬਾਹੂ ਬਲ ਅਗੇ ਨਾ ਠਹਿਰ ਸਕੇ। ਤੇ ਝੁਕਨਾ ਪਿਆ, ਤੇ ੭ ਸਾਲ ਆਪ ਦਾ ਰਾਜ ਮਾਲਵੇ ਦੀ ਧਰਤੀ ਤੇ ਰਿਹਾ।

ਆਪ ਪੂਰਨ ਰੂਪ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ, ਤਦੇ ਅਜ ਤਕ ਆਪ ਨੂੰ ਸੰਗਤਾਂ ਯਾਦ ਕਰਦੀਆਂ ਹਨ ਤੇ ਆਪ ਦੇ ਦਮਦਮੇ ਅਸਥਾਨਾਂ ਤੇ ਮੇਲੇ ਲਗਦੇ ਹਨ। ਸੈਂਕੜੇ ਅਖੰਡ ਪਾਠ ਸਾਰਾ ਸਾਲ ਹੁੰਦੇ ਰਹਿੰਦੇ ਹਨ ਤੇ ਗੁਰਮਤਿ ਦਾ ਪ੍ਰੋਗਰਾਮ ਆਰੰਭ ਰਹਿੰਦਾ ਹੈ। ਆਪ ਤਾਂ ਪ੍ਰਲੋਕ ਸਿਧਾਰ ਗਏ ਪਰ ਆਪ ਦੀ ਗੁਰ-ਅੰਸ਼ ਨੇ, ਇਹ ਨਹੀਂ, ਜੋ ਪਿਛੇ ਹਟ ਗਈਆਂ ਹਨ, ਗੁਰੂ ਨਾਨਕ ਦੇ ਪ੍ਰੋਗਰਾਮ ਨੂੰ ਪੂਰੇ ਬਲ ਨਾਲ ਚਲਾਉਂਦੀਆਂ ਰਹੀਆਂ। ਆਪ ਦੇ ਸਪੁਤਰ ਬਾਬਾ ਬਿਕ੍ਰਮਾ ਸਿੰਘ ਜੀ ਨੇ ਸਿਖ ਰਾਜ ਜਾਂਦਾ ਦੇਖ ਸਿਖ ਕੌਮ ਨਾਲ ਧਰੋ ਨਹੀਂ ਕਮਾਇਆ, ਸਚਾ ਪਿਆਰ ਦਿਖਾਇਆ, ਜਾਇਦਾਦ ਰਾਜ; ਪ੍ਰਤਾਪ, ਦੀ ਪ੍ਰਵਾਹ ਨਾ ਕੀਤੀ ਤੇ ਅੰਗਰੇਜ਼ ਨਾਲ ਟਕਰ ਲੈ ਲਈ। ਪਹਿਲਾ ਯੁਧ ਸੰਨ ੧੮੪੬ ਵਿਚ ਹੋਇਆ ਪਰ ੧੮੪੮-੪੯ ਵਿਚ ਜਲੰਧਰ ਦੁਆਬੇ ਵਿਚ ਬਗ਼ਾਵਤ ਕਰ ਦਿਤੀ। ਅੰਤ ਸਿਖਾਂ ਦੀ ਹਾਰ ਹੋਈ ਪਰ ਅੰਗਰੇਜ਼ ਪਾਸੋਂ ਮੁਆਫ਼ੀ ਨਾ ਮੰਗੀ, ਨਾ ਸਿਰ ਝੁਕਾਇਆ, ਤੇ ਕੌਮ ਦੀ ਅਣਖ ਵਿਚ ਕਾਇਮ ਰਹਿ ੧੪ ਸਾਲ ਅੰਗਰੇਜ਼ ਦੀ ਨਜ਼ਰਬੰਦੀ ਵਿਚ ਕਟੀ। ਜਦ ੧੮੬੨ ਵਿਚ ਆਪ ਦਾ ਦਿਹਾਂਤ ਹੋਇਆ ਆਪ ਦੇ ਪੋਤਰੇ ਬਾਬਾ ਖੇਮ ਸਿੰਘ ਜੀ ਨੇ ਕੋਈ ਘਟ ਪ੍ਰਚਾਰ ਨਹੀਂ ਕੀਤਾ। ੨੫ ਪਾਠ ਜਪੁਜੀ ਸਾਹਿਬ ਦੇ ਕਰ ਜਲ ਪਾਣ ਕਰਦੇ ਸਨ ਤੇ ਗੁਰ ਸਿਖਾਂ ਨੂੰ ਸਿਖੀ ਵਾਲਾ ਜੀਵਨ ਬਖਸ਼ਦੇ ਸਨ। ਪੋਠੋਹਾਰ ਦੇ ਗੁਰਸਿਖ ਆਪਦੇ ਰਿਣੀ ਹਨ।

ਬਾਬਾ ਬਿਕ੍ਰਮਾ ਸਿੰਘ ਪਿਛੋਂ ਅਜ ਤਕ ਬਾਬੇ ਸਮੇਂ ਸਮੇਂ ਪੂਰਬਕ ਗੁਰ ਅੰਸ਼ ਹੁੰਦਿਆਂ ਗੁਰੂ ਨਾਨਕ ਪਾਤਸ਼ਾਹ ਵਾਲਾ ਪ੍ਰੋਗਰਾਮ ਕਾਇਮ ਕਰਦੇ ਚਲੇ ਗਏ। ਚਾਹੇ ਅਨੇਕਾਂ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ।

ਗੁਰੂ ਨਾਨਕ ਪਾਤਸ਼ਾਹ ਦੇ ਬਚੇ ਨਾਲਾਇਕ ਨਹੀਂ, ਆਪਣਾ ਕਰਮ ਧਰਮ ਅਜੇ ਵੀ ਤਨੋਂ ਮਨੋਂ ਧਨੋਂ ਕਰ ਰਹੇ ਹਨ!

"ਰਾਜ ਨਾ ਚਾਹਉ' ਮੁਕਤ ਨਾ ਚਾਹਉ' ਮਨ ਪ੍ਰੀਤ ਚਰਨ ਕਮਲਾਰੇ ॥"

ਸੰਗਤਾਂ ਅਜ ਕਈ ਸਾਲਾਂ ਤੋਂ ਵਿਛੜ ਚੁਕੀਆਂ ਹਨ. ਤੇ ਆਪਣੀ ਰਹੁ ਰੀਤੀਆਂ ਦੀ ਪਹਿਚਾਨ ਨਾ ਕੀਤੀ। ਆਪਣੇ ਨਿਸ਼ਕਾਮ ਪ੍ਰਚਾਰ ਨੂੰ ਕਾਇਮ ਨਾ ਰਖ ਸਕੇ। ਜਮਾਂਦਰੂ ਧਰਮ ਦੇ ਆਗੂਆਂ ਨੂੰ ਪਿਛੇ ਸੁਟ, ਆਪਣੇ ਅਡੰਬਰ ਰਚਾਂਦੇ ਰਹੇ।

ਇਹੀ ਘਾਟ ਹੈ ਅਜ ਕੌਮ ਵਿਚ, ਇਸੇ ਕਾਰਨ ਸਾਡਾ ਧਰਮ ਤੇ ਇਖ਼ਲਾਕ ਗਿਰਦਾ ਜਾਂਦਾ ਹੈ ਤੇ ਅਸੀਂ ਆਤਮਕ ਤੌਰ ਅਤੇ ਸਰੀਰਕ ਤੌਰ ਤੇ ਕਮਜ਼ੋਰ ਹੋ ਰਹੇ ਹਾਂ।

ਜੁੜ ਜਾਓ ਇਕ ਗੁਰੂ ਨਾਨਕ ਦੇ ਝੰਡੇ ਹੇਠ, ਤੇ ਕਾਮਯਾਬੀ ਤੁਹਾਡੇ ਚਰਨ ਚੁੰਮੇਗੀ ਤੇ ਰਿਧੀਆਂ ਸਿਧੀਆਂ ਤੁਹਾਡੇ ਅਗੇ ਪਿਛੇ ਲਗੀਆਂ ਫਿਰਨਗੀਆਂ। ਮਨ ਵਿਚ ਵਿਚਾਰ ਲਿਆਣਾ, ਸੁਣਨਾ ਜੋ ਗੁਰੂ ਨਾਨਕ ਪਾਤਸ਼ਾਹ ਦੀ ਅੰਸ ਬੰਸ ਨਾਲਾਇਕ ਜਾਂ ਆਗਿਆਕਾਰੀ ਨਾ ਸੀ, ਮਹਾਂ ਪਾਪ ਹੈ।

ਬਚੋ ਇਸ ਅਪ੍ਰਾਧ ਤੋਂ, ਇਹ ਤਾਂ ਕੇਵਲ ਲਿਖਾਰੀ ਇਤਿਹਾਸਕਾਰਾਂ ਨੇ ਆਪਣੇ ਉਲੂ ਸਿਧੇ ਕਰਨ ਲਈ ਸਚੇ ਇਤਿਹਾਸ ਨੂੰ ਤਰੋੜ ਮਰੋੜ ਦਿਤਾ ਹੈ। ਸਚ ਦੀ ਪ੍ਰਾਪਤੀ ਕੇਵਲ ਨਿਸ਼ਕਾਮਤਾ ਵਿਚ ਹੈ ਜੋ ਆਪ ਦੀ ਬੇ-ਪ੍ਰਵਾਹ ਅੰਸ ਪਾਸੋਂ, ਅੰਸਕ ਇਤਿਹਾਸਾਂ ਤੋਂ ਪ੍ਰਾਪਤ ਹੋਵੇਗਾ।

# ਬਾਬਾ ਸਾਹਿਬ ਸਿੰਘ ਜੀ ਬੇਦੀ

ਲੇਖਕ—ਸ. ਜਗਦੀਸ਼ ਸਿੰਘ 'ਜਗਦੀਸ਼'

ਤਾਰੀਖ਼ ਦਸਦੀ ਏ ਹਿੰਦ ਤੇ ਰਾਜ ਹੈਸੀ, ਜਦ ਫ਼ਰੰਗੀਆਂ ਵਡੇ ਅਭਮਾਨੀਆਂ ਦਾ।
ਥਾਂ ਥਾਂ ਉਤੇ ਝੰਡਾ ਝੂਲ ਰਿਹਾ ਸੀ, ਜ਼ਾਲਮ ਰਾਜ ਦੀ ਜਦੋਂ ਨਿਸ਼ਾਨੀਆਂ ਦਾ।
ਪਹਿਰਾ ਲਗ ਗਿਆ ਅਦਲ ਇਨਸਾਫ਼ ਉਤੇ, ਜਦੋਂ ਜ਼ੁਲਮ ਦੀਆਂ ਹੁਕਮਰਾਨੀਆਂ ਦਾ।
ਹਿੰਦੂ ਸਿਖ ਦੇ ਧਰਮ ਨੂੰ ਮੇਟ ਦੇਣੈਂ, ਨਾਹਰਾ ਲਗਾ ਇਸਾਈਆਂ ਦੇ ਬਾਨੀਆਂ ਦਾ।
ਸਾਰਾ ਦੇਸ਼ ਹੀ ਓਦੋਂ ਗੁਲਾਮ ਹੈਸੀ, ਬੁਰਾ ਹਾਲ ਹੈਸੀ ਹਿੰਦੁਸਤਾਨੀਆਂ ਦਾ।
ਬਾਬਾ ਸਾਹਿਬ ਸਿੰਘ ਸਾਹਿਬ ਅਵਤਾਰ ਲੈ ਕੇ, ਚੜ੍ਹਿਆ ਚੰਨ ਸੀ ਉਦੋਂ ਕੁਰਬਾਨੀਆਂ ਦਾ।
ਹਿੰਦ ਦੀ ਸੋਹਲ ਬਗੀਚੀ ਚਿ ਖਿੜੇ ਗੁਨਚੇ, ਖਿੜੇ ਫੁਲ ਕਲੀਆਂ ਲਹਿਲਹਾਣ ਲਗੀਆਂ।
ਕੁਝਕੁ ਅਣ-ਛੋਹੀਆਂ ਤੇ ਮੂੰਹ ਬੰਦ ਕਲੀਆਂ, ਫੁਲਾਂ ਅਗੇ ਬੁਝਾਰਤਾਂ ਪਾਣ ਲਗੀਆਂ।
ਸਧਰਾਂ ਮਨ ਦੀਆਂ ਖ਼ੁਸ਼ੀਆਂ ਦੇ ਰੂਪ ਲੈ ਲੈ, ਜਦੋਂ ਝਟ ਖਿਆਲਾਂ ਤੇ ਛਾਣ ਲਗੀਆਂ।
ਹਥਾਂ ਵਿਚ ਅਰਮਾਨਾਂ ਦੀ ਚੁਕ ਵੀਣਾ, ਬਾਬਾ ਸਾਹਿਬ ਸਿੰਘ ਦਾ ਜਸ ਗਾਣ ਲਗੀਆਂ।
ਗੁਰੂ ਨਾਨਕ ਸਾਹਿਬ ਜੀ ਤੋਂ ਸਾਹਿਬੀ ਲੈ ਆਏ, ਪਤਾ ਹੋਰ ਕੀ ਦਿਆਂ ਨਿਸ਼ਾਨੀਆਂ ਦਾ।
ਬਾਬਾ ਸਾਹਿਬ ਸਿੰਘ ਸਾਹਿਬ ਅਵਤਾਰ ਲੈ ਕੇ, ਚੜ੍ਹਿਆ ਚੰਦ ਏ ਨਵਾਂ ਕੁਰਬਾਨੀਆਂ ਦਾ।

ਆਵੇ ਸਮਝ ਨਾ ਮਾਤਾ ਸਰੂਪ ਜੀ ਨੂੰ, ਚੰਨ ਨੂੰ ਚੰਨ ਆਖਾਂ ਕਿ ਆਫ਼ਤਾਬ ਆਖਾਂ ।
ਅਜੀਤ ਸਿੰਘ ਜੀ ਪਿਤਾ ਦੀ ਅਖੀਆਂ ਦਾ, ਉਹਨੂੰ ਨੂਰ ਆਖਾਂ ਯਾ ਸ਼ਬਾਬ ਆਖਾਂ ।
ਰਾਖਾ ਦੇਸ਼ ਦਾ ਵਲੀ ਅਵਤਾਰ ਆਖਾਂ, ਯਾ ਬੇਦੀ ਬੰਸ ਦਾ ਹੀਰਾ ਨਾਯਾਬ ਆਖਾਂ ।
ਯਾ ਮੈਂ ਆਖਾਂ ਕਿ ਸਾਗਰ ਗੰਭੀਰਤਾ ਦਾ, ਯਾ ਫਿਰ ਜ਼ੁਲਮ ਦਾ ਉਹਨੂੰ ਜਵਾਬ ਆਖਾਂ ।

ਕਈਆਂ ਆਖਿਆ ਕਿ ਆਗੂ ਅਮਨ ਦਾ ਏ, ਕਈਆਂ ਆਖਿਆ ਆਗੂ ਰੂਹਾਨੀਆਂ ਦਾ ।
ਸਚ ਪੁਛੋ ਤਾਂ ਜ਼ੁਲਮ ਹਨੇਰ ਮੇਟਣ, ਚੜ੍ਹਿਆ ਚੰਨ ਸੀ ਨਵਾਂ ਕੁਰਬਾਨੀਆਂ ਦਾ ।

ਏਥੇ ਹੀ ਬਸ ਨਹੀਂ ਊਨੇ ਦੀ ਧਰਤ ਉਤੇ ਫਿਰ ਲਾਏ ਭਾਗ ਜੋ ਸੋਹਣੀ ਸਰਕਾਰ ਹੈਸਨ ।
ਏਥੇ ਹੀ ਬਸ ਨਹੀਂ ਉਸੇ ਹੀ ਧਰਤ ਉਤੇ, ਲਗੇ ਊਨਾ ਦੇ ਸ਼ਾਹੀ ਦਰਬਾਰ ਹੈਸਨ ।
ਉਥੇ ਹੀ ਊਨਾ ਦੇ ਹੋਏ ਫ਼ਰਜ਼ੰਦ ਪੈਦਾ, ਬਿਕਰਮ ਸਿੰਘ ਜਿਹੇ ਪੁਤ ਸਰਦਾਰ ਹੈਸਨ ।
ਵਡਾ ਕਿਲ੍ਹਾ ਉਸਾਰਿਆ ਵਿਚ ਊਨੇ, ਬਣੇ ਪੰਥ ਦੇ ਸਿਪਾਹ ਸਲਾਰ ਹੈਸਨ ।

ਉਹਦੇ ਪੁਤ ਬਲਵਾਨ ਨੇ ਤੇਗ਼ ਫੜਕੇ, ਬੂਟਾ ਵਢਿਆ ਸੀ ਇੰਗਲਸਤਾਨੀਆਂ ਦਾ ।
ਬਾਬਾ ਸਾਹਿਬ ਸਿੰਘ ਸਾਹਿਬ ਜੀ ਧੰਨ ਸੈਂ ਤੂੰ ਚੜ੍ਹਿਆ ਚੰਦ ਸੈਂ ਨਵਾਂ ਕੁਰਬਾਨੀਆਂ ਦਾ ।

ਜਿਥੇ ਲਾਂਵਦੇ ਆਪ ਸਮਾਧੀਆਂ ਰਿਹੇ, ਜਿਸ ਥਾਂ ਉਹ ਗੁਫਾਂ ਹਨੇਰੀਆਂ ਨੇ ।
ਧੰਨ ਭਾਗ ਉਸ ਊਨੇ ਦੀ ਧਰਤ ਦੇ ਨੇ, ਜਿਥੇ ਬੈਠ ਉਹਨਾਂ ਮਾਲਾ ਫੇਰੀਆਂ ਨੇ ।
ਪ੍ਰਗਟ ਸਚ ਨੂੰ ਵਿਚ ਸੰਸਾਰ ਕੀਤਾ, ਰਾਜਾ ਯੋਗੀ ਦੀਆਂ ਹੀ ਦਲੇਰੀਆਂ ਨੇ ।
ਬੇੜੇ ਜਗ ਦੇ ਲਾਉਣ ਲਈ ਪਾਰ ਨਿਕਲੇ, ਡੋਬੀਆਂ ਜਦੋਂ ਅੰਗ੍ਰੇਜ਼ ਦੀਆਂ ਬੇੜੀਆਂ ਨੇ ।

ਜੋਧਾਂ ਮਨਸੂਰਾਂ ਵਿਚ ਵੀ ਗਹਿਮਾ-ਗਹਿਮ ਜਿਹੜੀ, ਜਲਵਾ ਉਨ੍ਹਾਂ ਦੀਆਂ ਕਿਰਨਾਂ ਨੂਰਾਨੀਆਂ ਦਾ ।
ਭਾਰਤ ਉਤੇ ਅਜ਼ਾਦੀ ਲਿਆਉਣ ਵਾਲਾ, ਬਾਬਾ ਸਾਹਿਬ ਸਿੰਘ ਚੰਦ ਕੁਰਬਾਨੀਆਂ ਦਾ ।

ਸਿਖ ਕੌਮ ਸਾਰੀ ਅਜ ਤਕ ਨਾਜ਼ ਕਰਦੀ, ਜਿਸ ਸ਼ੇਰੇ ਪੰਜਾਬ ਦੇ ਬਖਤ ਉਤੇ ।
ਇਹਨਾਂ ਤਿਲਕ ਲਾਇਆ ਜਾ ਰਣਜੀਤ ਸਿੰਘ ਨੂੰ, ਬੈਠਣ ਲਗੇ ਲਾਹੌਰ ਦੇ ਤਖ਼ਤ ਉਤੇ ।
ਕਲਗੀ ਵਾਲੇ ਦੇ ਚਲਕੇ ਮਿਸ਼ਨ ਉਤੇ, ਤੁਸੀਂ ਜ਼ਾਲਮ ਨੂੰ ਸਦਾ ਲਲਕਾਰਦੇ ਰਹੇ ।
ਖੰਡੇ ਵਾਲੜਾ ਹਥੀਂ ਪਿਆਲ ਅੰਮ੍ਰਿਤ, ਲਖਾਂ ਸਹਿਜਧਾਰੀ ਸਿੰਘ ਸਿੰਗਾਰਦੇ ਰਹੇ ।

ਇਤਿਹਾਸ ਦਸਦੇ ਖਾਸ ਪ੍ਰਮੁਖ ਹੈ ਸੈਂ, ਤੂੰ ਪੰਜਾਬ ਦੀਆਂ ਰਾਜਧਾਨੀਆਂ ਦਾ ।
ਸਿਖ ਰਾਜ ਦੀਆਂ ਮਿਸਲਾਂ ਸਾਰੀਆਂ ਵਿਚ ਤੂੰ ਸੈਂ ਚਮਕਦਾ ਚੰਨ ਕੁਰਬਾਨੀਆਂ ਦਾ ।

ਹੈ ਇਹ ਮਿਸਲ ਮਸ਼ਹੂਰ, ਨਹੀਂ ਲੁਕ ਸਕਦਾ ਚੜ੍ਹਿਆ ਅਰਸ਼ ਉਤੇ ਜੇਕਰ ਚੰਨ ਹੋਵੇ ।
ਤਾਹੀਓਂ ਓਸ ਕੁਰਬਾਨੀ ਦੇ ਚੰਨ ਦਾ ਅਜ, ਪਿਆ ਚਾਨਣਾ ਵੰਨ ਸਵੰਨ ਹੋਵੇ ।
ਧੰਨ ਨਾਮ ਤੇ ਧੰਨ ਵਡਿਆਈ ਉਹਦੀ, ਮਹਿਮਾਂ ਸੁਣ ਕੇ ਮਨ ਪ੍ਰਸੰਨ ਹੋਵੇ ।
ਬਾਬਾ ਸਾਹਿਬ ਜੀ ਦੇ ਪਵਿਤਰ ਨਾਂ ਉਤੇ, ਚਵਾਂ ਪਾਸਿਉਂ ਪਈ ਧੰਨ ਧੰਨ ਹੋਵੇ ।

ਪਰਦਾ ਆਇਆ ਉਹ ਜਗ ਦੇ ਕਜਣੇ ਲਈ, ਪੰਡਤਾਂ ਧਰਮੀਆਂ ਬ੍ਰਹਮ ਗਿਆਨੀਆਂ ਦਾ ।
'ਜਗਦੀਸ਼' ਜਗ ਤੋਂ ਜ਼ੁਲਮ ਹਨੇਰ ਮੇਟਣ, ਚੜ੍ਹਿਆ ਚੰਦ ਸੀ ਨਵਾਂ ਕੁਰਬਾਨੀਆਂ ਦਾ ।



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀ ਅੰਸ ਬੰਸ

# ਸ੍ਰੀ ਬੀਰ ਮ੍ਰਿਗੇਸ਼ ਬਿਲਾਸ ਦੇਵਤਰੂ

ਅਥ ਕਥਾ ਪ੍ਰਸੰਗਾ

੧ ਸਕੰਧ ਪੂਰਬਾਰਧ

੧੪ ਅਧਯਾਯ

ੴ ਸਤ

ਦੋਹੈਰਾ—ਪੁਨ ਰਵੀ ਨੰਦਨ ਕੁਲ ਵਿਖੇ ਪ੍ਰਗਟੇ ਬੇਦੀ ਰਾਇ ॥
ਦੁਸ਼ਟ ਤੁਰਕ ਤਰੁ ਨਾਸ ਕਰ ਸੰਤਨ ਕੀਨ ਸਹਾਇ ॥੧॥

ਅਥ ਸੈਦੂ ਯੁਧ ਕਥਨੰ ।

ਜਬ ਸ੍ਰੀ ਗੁਰੂ ਸਾਹਿਬ ਸਿੰਘ ਜੀ ਨੇ ਰਣਜੀਤ ਸਿੰਘ ਕੂੰ ਰਾਜਾ ਧਿਰਾਜ ਬਨਾਇ ਥਾਪਨ ਕੀਓ ਤਬ ਦਿਨ ਪ੍ਰਤੀ ਇਸ ਕੋ ਪ੍ਰਤਾਪ ਬਢਨੇ ਲਾਗਯੋ ਸਰਬ ਰਾਜੇ ਰਣਜੀਤ ਸਿੰਘ ਕੀ ਤਾਬਯਾ ਮੈ ਹੋ ਜਾਤੇ ਭਏ । ਅਠਾਰਾਂ ਸੈ ੧੮੭੫-੭੬ ਪੰਜਹਰਤੇ ਛਿਹਤਰੇ ਮੈ ਸਰਕਾਰ ਮੁਲਤਾਨ ਔ ਕਸ਼ਮੀਰ ਦੇਸ ਬਲਾਤਕਾਰ ਸੇ ਯੁਧ ਕਰ ਕੇ ਜੀਤ ਕੇ ਅਪਨੇ ਅਧੀਨ ਕਰ ਲੀਏ । ਤਦਨੰਤਰ ਖੁਰਾਸਾਨ ਦੇਸ ਕੇ ਤੁਰਕੋਂ ਸੇ ਰਾਵਲਪਿੰਡੀ ਕਾ ਚੌਗਿਰਦਾ ਛਡਾਇ ਲੀਆ ਔ ਤੁਰਕੋਂ ਕੋ ਮਾਰ ਕੇ ਨਿਕਾਸ ਦੀਆ । ਕੁੰਜਰਾਂ ਵਾਲੇ ਕਾ ਰਈਸ ਖਤ੍ਰੀ ਸਰਦਾਰ ਹਰੀ ਸਿੰਘ ਨਲੂਆ ਆਦਿਕ ਬਡੇ ਬਡੇ ਸੂਰਬੀਰ ਬਹਾਦਰ ਸਿੰਘ ਧਨੀ ਪੋਠਵਾਰ ਆਦਿਕ ਦੇਸੋਂ ਮੈ ਸੇ ਤੁਰਕੋਂ ਕੋ ਮਾਰ ਕੇ ਆਪ ਨਿਰਭੈ ਹੋ ਕੇ ਬਿਚਰਤੇ ਭਏ ।

ਏਕਾ ਦਿਨ ਸਿੰਧ ਗੰਗਾ ਕਾ ਪ੍ਰਵਾਹ ਉਲੰਘ ਕੇ ਤੁਰਕ ਹਜਰੋ ਸ਼ਹਿਰ ਕੋ ਲੂਟਨੇ ਆਏ ਪਰੇ । ਇਧਰ ਹਰੀ ਸਿੰਘ ਸਰਦਾਰ ਨਲੂਆ ਸੈਨਾ ਸਹਤ ਹਜਰੋ ਸੇ ਦਸ ਬਾਰਾਂ ਕੋਸ ਉਰੇ ਪੰਜੇ ਸਾਹਿਬ ਕੇ ਸਮੀਪ ਉਤਰਯਾ ਹੂਆ ਥਾ ਤਿਸ ਕੋ ਪਾਂਚ ਸਿੰਘੋਂ ਸਹਤ ਬਨ ਮੈ ਸਿਕਾਰ ਖੇਲਤੇ ਕੋ ਕਿਸੀ ਨੇ ਕਹਿ ਦੀਆ ਕਿ ਪਾਰ ਸੇ ਆਇਕੇ ਤੁਰਕ ਲੋਕ ਹਜਰੋ ਸ਼ਹਰ ਕੋ ਲੂਟ ਰਹੇ ਹੈਂ ਔ ਖਤ੍ਰਾਣੀਆਂ ਕੇ ਧਰਮ ਭ੍ਰਸ਼ਟ ਕਰ ਰਹੇ ਹੈਂ । ਐਸੀ ੨ ਬਾਤੇਂ ਜਬ ਸੁਣੀ ਜੈ ਅਗਨੀ ਮੈ ਘ੍ਰਿਤ ਪਾਏ ਤੇ ਪ੍ਰਜ੍ਵਲਤ ਹੋਤੇ ਹੈਂ ਤੈਸੇ ਹੀ ਬਡੇ ਪ੍ਰਚੰਡ ਕੋਪ ਕੋ ਪ੍ਰਾਪਤ ਹੋ ਕੇ ਏਕ ਅਸ੍ਵਾਰ ਕੋ ਸੇਨਾ ਕੀ ਓ ਭੇਜ ਕੇ ਕਹਾ ਕਿ ਤੁਮ ਸੀਘ੍ਰ ਚੜ੍ਹ ਆਓ, ਹਮ ਪ੍ਰਥਮ ਹੀ ਤੁਮਾਰੇ ਸੇ ਜਾਤੇ ਹੈਂ । ਐਸੇ ਹੁਕਮ ਦੇ ਕੇ ਸਰਦਾਰ ਆ ਐਸੇ ਸ਼ੀਘ੍ਰ ਉਹਾਂ ਹਜਰੋ ਮੈ ਜਾਇ ਪ੍ਰਗਟ ਹੂਆ ਜੈਸੇ ਪ੍ਰਹਲਾਦ ਕੀ ਰਖਯਾ ਨਮਿਤ ਸ੍ਰੀ ਵਿਸ਼ਨੂੰ ਭਗਵਾਨ ਜੀ ਥੰਭ ਫੋ ਕੇ ਪ੍ਰਗਟ ਤਾਤਕਾਲ ਹੋਤੇ ਭਏ । ਏਥੇ ਔ ਉਨ ਤੁਰਕੋਂ ਕੇ ਉਪਰ ਬਲ ਕਰਕੇ ਐਸੇ ਜਾਇ ਪਰੇ ਕਿ ਜੈਸੇ ਪਸ਼ੂਆਂ ਸਮੁਦਾਯ ਪਰ ਬਡੋ ਬਲ ਕਰਕੇ ਪਾਂਚ ਸਿੰਘ ਜਾਇ ਪਰਤੇ ਹੈਂ ।

ਸਰਦਾਰ ਹਰੀ ਸਿੰਘ ਕੋ ਦੇਖਤੇ ਹੀ ਤੁਰਕ ਲੋਕ ਐਸੇ ਭਾਗ ਚਲੇ ਜੈਸੇ ਸਿੰਘ ਕੇ ਦਰਸਨ ਮਾਤ੍ਰ ਸੇ ਮ੍ਰਿ ਔਰ ਸਯਾਰੋਂ ਕੇ ਝੁੰਡੋਂ ਕੇ ਝੁੰਡ ਉਠ ਭਾਗਤੇ ਹੈਂ । ਹਜਾਰੋਂ ਤੁਰਕ ਸਿੰਧੁ ਗੰਗਾ ਕੇ ਪ੍ਰਵਾਹ ਮੈ ਬਹ ਗਏ । ਸੈਂਕ ਦਹਸਤ ਕੇ ਮਾਰੇ ਮਰ ਜਾਤੇ ਭਏ । ਭਾਗਤੇ ਹੂਏ ਗਿਰ ੨ ਪਰਤੇ ਹੈਂ । ਬਡੇ ੨ ਜਿਨ ਕੇ ਸਿਰ ਹੈਂ ਔ ਬਡੇ ੨ ਜਿ ਕੇ ਡੀਲ ਹੈਂ । ਮਹਾ ਭਯਾਨਕ ਜਿਨ ਕੇ ਮੁਖ ਕੋ ਦਰਸਨ ਹੈ ਔ ਏਕ ਏਕ ਤੁਰਕ ਸਾਰਾ ਸਾਰਾ ਦੁੰਬਾ ਖਾਇ ਜਾਨ ਵਾ ਐਸੇ ਐਸੇ ਹਜਾਰੋਂ ਤੁਰਕ ਸਿੰਘੋਂ ਸੇ ਮਾਰ ਖਾਤੇ ਜਾਤੇ ਹੈਂ ਔ ਪੀਛੇ ਕੋ ਮੁਖ ਕਰਕੇ ਨਹੀਂ ਦੇਖਤੇ ਹੈਂ । ਜਾਇ ਜਾਇ ਅਟਕ ਨਦੀ ਕੇ ਪ੍ਰਵਾਹ ਮੈ ਡੂਬ ਡੂਬ ਕੇ ਮਰਤੇ ਹੈਂ ਪਰੰਤੂ ਕਾਯਰ ਤੁਰਕ ਸ਼ਸਤ੍ਰ ਪਕੜ ਕੇ ਸਿੰਘੋਂ ਕੇ ਸਨਮੁਖ ਨਹ ਹੋਇ ਸਕਤੇ ਹੈਂ ਔ ਨਹੀਂ ਲੋਟਕੇ ਪੀਛੇ ਕੋ ਦੇਖਤੇ ਹੈਂ, ਜੋ ਕਿਤਨੀ ਕੁ ਸਿਖੋਂ ਕੀ ਸੇਨਾ ਪੀਛੇ ਲਾਗੀ ਆਵਤੀ ਹੈ— ਕੇਵਲ ਪਾਂਚ ਸਿੰਘਹੁ ਕੇ ਅਗੇ ਭਾਗੇ ਚਲੇ ਜਾਤੇ ਹੈਂ ।

ਜਬ ਸਰਬ ਤੁਰਕੋਂ ਕੂੰ ਸਿੰਧੁ ਗੰਗਾ ਮੈ ਡੋਬਕੇ ਪੀਛੇ ਹਟੇ ਤਬ ਇਤਨੇ ਮੈ ਸਿੰਘੋਂ ਕੀ ਔਰ ਸੈਨਾ ਭੀ ਆਇ ਪ੍ਰਾਪਤ ਭਈ । ਸਰਬ ਹਿੰਦੂ ਲੋਕੋਂ ਕੀਆਂ ਇਸਤ੍ਰੀਆਂ ਔ ਪਦਾਰਥ ਜਹਾਂ ਕੇ ਤਹਾਂ ਛੋਡ ਕੇ ਅਪਨੇ ਪ੍ਰਾਣ ਲੈ ਕੇ ਤੁਰਕ ਭਾਗ ਗਏ । ਤਬ ਸਾਰੇ ਹਿੰਦੂ ਲੋਕੋਂ ਨੇ ਸਰਦਾਰ ਹਰੀ ਸਿੰਘ ਕੇ ਆਗੇ ਹਾਥ ਜੋੜ ਕੇ ਅਰਜ਼ ਕਰੀ ਕਿ ਮਹਾਰਾਜ ਜੀ ਆਪ ਨੇ ਇਸ ਸੰਕਟ ਕੇ ਸਮੇਂ ਮੈ ਹਮਾਰੀ ਐਸੇ ਸਹਾਯਤਾ ਕਰੀ ਹੈ ਕਿ ਜੈਸੇ ਥੰਭ ਤਪਤ ਕੋ ਫੋੜ ਕੇ ਸ੍ਰੀ ਨ੍ਰਿਸਿੰਘ ਭਗਵਾਨ ਜੀ ਨੇ ਪ੍ਰਹਲਾਦ ਅਪਨੇ ਭਗਤ ਕੀ ਰਖਯਾ ਕਰੀ ਥੀ ।

ਇਤਨੇ ਮੈ ਸਿੰਘੋਂ ਕੀ ਸੈਨਾ ਘੇਰਾ ਪਾਇ ਕੇ ਖੜੋਇ ਜਾਤੀ ਭਈ ਸਰਦਾਰ ਕੇ ਹੁਕਮ ਸੇ । ਪੁਨਾ ਅਪਨੇ ਹਜ਼ੂਰ ਸਰਬ ਹਿੰਦੂ ਲੋਕੋਂ ਕੂੰ ਬੁਲਾਇ ਕੇ ਸਰਦਾਰ ਹਰੀ ਸਿੰਘ ਨੇ ਕਹਯਾ ਕਿ ਤੁਮ ਲੋਕ ਆਪੋ ਆਪਨੇ ਧਰਮ ਨਾਲ ਪਛਾਨ ਕੇ ਆਪੋ ਆਪਨੀ ਵਸਤੂ ਉਠਾਇ ਲੈ ਜਾਵੋ । ਦੂਸਰੇ ਕੀ ਕੋਈ ਵਸਤੂ ਜੇ ਦੂਸਰਾ ਕੋਈ ਉਠਾਵੇਗਾ ਤਬ ਹਮ ਤਿਸ ਕੋ ਪ੍ਰਾਣਾਂਤ ਪ੍ਰਯੰਤ ਸਜਾਇ ਦੇਵੈਂਗੇ ।

ਰਾਜਾ ਕੀ ਆਗਯਾਨੁਸਾਰ ਸਭੀ ਲੋਕ ਪ੍ਰਸੰਨ ਮਨ ਹੋ ਕੇ ਆਪੋ ਆਪਨੀ ਵਸਤੂ ਉਠਾ ਕੇ ਲੈ ਗਏ । ਕਿਤਨਾ ਕੁ ਕਾਲ ਤਹਾਂ ਹੀ ਰਾਜਾ ਹਰੀ ਸਿੰਘ ਨਲੂਏ ਨੇ ਰਾਜ ਕੀਆ ਔ ਅਪਨੇ ਨਾਮ ਪਰ ਹਰੀਪੁਰ ਨਾਮ ਕਰ ਕੇ ਪਰਬਤ ਮੈ ਨਗਰ ਬਸਾਵਤਾ ਭਯਾ, ਔ ਏਕ ਕਿਲਾ ਰਚਤਾ ਭਯਾ, ਤਿਸ ਕਾ ਨਾਮ ਹਰੀਪੁਰ ਰਖਤੇ ਭਯੇ । ਸੋ ਹਰੀਪੁਰ ਨਾਮ ਸੇ ਪ੍ਰਸਿਧ ਆਜ ਤਕ ਵੋ ਨਗਰ ਬਡੋ ਬਸਤੋ ਹੈ । ਇਸੀ ਪ੍ਰਕਾਰ ਸੇ ਤੁਰਕੋਂ ਸੇ ਮੁਲਖ ਛਡਾਇ ੨ ਕੇ ਸਿੰਘ ਅਪਨੇ ਕਬਜੇ ਮੈ ਕਰਤੇ ਜਾਵੈਂ ।

ਜਬ ਸਿੰਧੁ ਗੰਗਾ ਕੇ ਪਾਰ ਕਾ ਨੌਸ਼ਹਰੇ ਪ੍ਰਯੰਤ ਸਾਰਾ ਦੇਸ ਅਪਨੇ ਵਸ ਵਰਤੀ ਕਰ ਲੀਆ ਤਬ ਇਸ ਪ੍ਰਕਾਰ ਸੇ ਸਿੰਘੋਂ ਕੀ ਪ੍ਰਬਲਤਾ ਦੇਖ ਕੇ ਕਾਬਲ ਪਤੀ ਬੜਾ ਮਨ ਮੈ ਕੋਪ ਹੋਤੇ ਭਯੇ । ਤਦਨੰਤ੍ਰ ਅਪਨੇ ਵਜੀਰੋਂ ਕੋ ਬੁਲਾਇਕੇ ਉਨ ਕੋ ਸਾਥ ਮੰਤ੍ਰ ਪਕਾਇਕੇ ਅਪਨੇ ਦੇਸ ਮੈ ਜੋਨ ਸੇ ਬਡੇ ੨ ਕਾਮਲ ਫਕੀਰ ਕਹਾਵਤੇ ਥੇ ਪ੍ਰਥਮਉ ਨ ਸੇ ਮੁਲਕਾਤ ਕਰਕੇ ਕਹਤੋ ਭਯੇ ; ਯੇ ਪੰਜਾਬ ਕੇ ਕਾਫਰ ਲੋਕ ਡਾਕੂ ਹਮਾਰੇ ਮੁਲਕ ਕੋ ਲੁਟਤੇ ਦੇਸ ਕੋ ਦਬਾਤੇ ਚਲੇ ਆਤੇ ਹੈਂ । ਆਪ ਲੋਕੋਂ ਮੈ ਕੋਈ ਐਸਾ ਕਾਮਲ ਭੀ ਹੈ ਜੋ ਇਨ ਕਾਫਰੋਂ ਕਾ ਮੁਖ ਮੋੜ ਕੇ ਮੁਸਲਮਾਨੋ ਕੀ ਬਾਦਸਾਹੀ ਕੋ ਕਾਯਮ ਕਰੇ ?

ਐਸੇ ਕਹਕੇ ਕਾਬਲ ਕੇ ਬਾਦਸਾਹ ਨੇ ਨੰਗੀ ਤੇਗ ਔ ਪਾਨੋ ਕਾ ਬੀੜਾ ਸਭਾ ਮੈ ਰਖ ਦੀਆ । ਦੂਸਰੀ ਵਾਰ ਕਾਬਲੇਸ ਨੇ ਫੇਰ ਕਹਯਾ ਕੋਈ ਤੁਮਾਰੇ ਮੈ ਐਸੋ ਕਾਮਲ ਅਉਲਯਾ ਹੈ ਕਿ ਨਹੀਂ ਜੋ ਇਸ ਬੀੜੇ ਕੋ ਉਠਾਇਕੇ ਕਾਫਰੋਂ ਕਾ ਆਗਾ ਲੇਵੇ । ਤਬ ਫਿਰ ਭੀ ਕੋਈ ਨ ਬੋਲਯਾ । ਪੁਨਾ ਬਡੇ ਕੋਪ ਸਹਤ ਤੀਸਰੀ ਬਾਰ ਦੋਸਤਮੁਹੰਮਦ ਨੇ ਕਹਯਾ ਕਿ ਜੋ ਕੋਈ ਇਸ ਬੀੜੇ ਕੋ ਉਠਾਇਕੇ ਕਾਫਰੋਂ ਕੇ ਸਨਮੁਖ ਹੋਵੇਗੋ ਸਾਰੀ ਤੁਰਕਾਨੀ ਕੋ ਵੋ ਆਜ ਸਿਰਮੌਰ ਹੋਵੇਗੋ । ਔ ਹਮ ਤੁਰਕ ਲੋਕ ਸਾਰੇ ਉਸ ਕੇ ਹੁਕਮ ਮੈ ਵਰਤੈਂਗੇ ਔ ਵੋ ਤੁਰਕੋਂ ਕੇ ਰਾਜ ਕੋ ਥਿਰ ਕਰਣੇ ਹਾਰੇ ਹਮ ਸਭ ਤੁਰਕ ਲੋਕੋਂ ਕੋ ਸਿਰਤਾਜ ਹੋਵੈਗੋ ।

ਐਸੇ ੨ ਕਾਬਲੇਸ ਦੋਸਤਮੁਹੰਮਤ ਕੋ ਕਹਨੋ ਸੁਣਕੇ ਸਭਾ ਕੇ ਬੀਚ ਮੇਂ ਏਕ ਗੋਦੜੀਆਫਕੀ ਰ ਬੈਠਾ ਥਾ ਸੋ ਉਠ ਕੇ ਪਾਨੋਂ ਕੇ ਬੀੜੇ ਕੋ ਔ ਤੇਗੇ ਕੋ ਉਠਾਇ ਕੇ ਬੋਲਾ ਕਿ ਮੈ ਕਾਫਰੋਂ ਕੋ ਮਾਰੋਗੋ । ਕੈਸੋ ਥਾ ਵੋ ਗੋਦੜਯਾ ਫਕੀਰ ਜੋ ਬਡੋ ਜਤੀ ਸਤੀ ਸੂਰਬੀਰ ਸ਼ਸਤ੍ਰ ਵਿਦਯਾ ਮੈ ਮਹਾ ਕੁਸ਼ਲ ਥਾ ਔ ਬਡੋ ਤਪੀ ਥਾ । ਜਬ ਤਿਸ ਗੋਦੜਯੋ ਫਕੀਰ ਨੇ ਬੀੜੋ ਉਠਾਇ ਲੀਓ ਤਬ ਅਲੀ ੨ ਕਰਕੇ ਸਭ ਤੁਰਕੋ ਕੇ ਸਮੂਹ ਤਿਸ ਕੇ ਪੀਛੇ ਲਗ ਪਰੇ । ਤੁਰਕੋਂ ਕੇ ਸਰਬ ਦੇਸੋਂ ਮੈ ਡੌਂਡੀ ਪਿਟਾਈ ਗਈ ਕਿ ਜਿਸ ਨੇ ਕਾਫਰੋਂ ਕੇ ਸਾਥ ਜੰਗ ਕਰਕੇ ਗਾਜ਼ੀ ਥੀਕੇ ਭਿਸਤ ਕੋ ਜਾਵਨੋ ਹੈ ਤੁਰਕ ਗੋਦੜਯੇ ਫਕੀਰ ਕੇ ਡੇਰੇ ਮੈ ਆਇ ਜਾਵੇ । ਚਾਰ ਹਜ਼ਾਰ ਜੁਆਨ ਬਡੋ ਸੂਰਬੀਰ ਗੋਦੜਯੇ ਫਕੀਰ ਕੀ ਅੜਦਲ ਮੈ ਰਹਨੋ ਮੁਕਰਰ ਹੋਤੇ ਭਯੇ ।

ਇਸ ਰੀਤੀ ਸੇ ਤੀਨ ਲਾਖ ਅਸੀ ਹਜਾਰ ਤੁਰਕ ਇਕੱਠੇ ਹੋਇਕੇ ਸਿੰਘੋਂ ਕੇ ਉਪਰ ਚਢਾਈ ਕਰਤੇ ਭਯੇ। ਉਤਰ ਕੀ ਓਰ ਲੁੰਡਾ ਨਦੀ, ਦਖਣ ਕੀ ਓਰ ਮਹਾਂ ਸੁਸ਼ਕ ਭਯਾਨਕ ਪਰਬਤ, ਪੂਰਬ ਕੀ ਓਰ ਭੀ ਬਡੇ ੨ ਉਚੇ ਪਰਬਤ ਥੇ ਜਿਨ ਪਰਬਤੋਂ ਮੈ ਸੇ ਏਕ ਏਕ ਹੀ ਮਾਨੁਖ ਕੇ ਲੰਘਨੇ ਕੋ ਮਾਰਗ ਥੇ ਬਡੇ ਭੀੜੇ, ਜੋ ਉਨ ਪਰਬਤੋਂ ਕੇ ਊਪਰ ਦੋਨੋ ਓਰ ਦਸ ਦਸ ਬੀਸ ਬੀਸ ਭੀ ਆਦਮੀ ਬੈਠ ਕੇ ਊਪਰ ਸੇ ਪਾਖਾਣੋ ਕੀ ਮਾਰ ਕਰੈ ਤਬ ਸ਼ਤਰੂਆਂ ਕੀ ਹਜਾਰੋਂ ਸੈਨਾ ਕੋ ਬਿਨਾ ਸਸਤ੍ਰ ਕੇ ਘਾਤ ਕਰ ਸਕਤੇ ਹੈ। ਅਬ ਅੰਗਰੇਜ਼ੋਂ ਨੇ ਅਪਨੀ ਬੁਧੀ ਕੇ ਬਲ ਸੇ ਵੋ ਪਰਬਤੋਂ ਕੇ ਬੀਚ ਕੇ ਮਾਰਗ ਕੋ ਤਯਾਗ ਕੇ ਲੁੰਡੇ ਨਦੀ ਕੇ ਤੀਰੇ ਸਰਕ ਨਕਾਸ ਲੀਨੀ ਹੈ। ਤੁਰਕੋਂ ਕੇ ਰਾਜ ਕੇ ਸਮੇ ਮੈ ਔ ਸਿਖੋਂ ਕੇ ਸਮੇ ਮੈ ਉਨ ਪਰਬਤੋਂ ਕੇ ਬੀਚ ਮੈ ਹੀ ਮਾਰਗ ਥਾ। ਬਡੇ ਮੁਸਕਲ ਸੇ ਉਲੰਘ ਕੇ ਕਾਫਲੇ ਬਾਂਧ ੨ ਲੋਕ ਜਾਤੇ ਥੇ। ਨਹੀਂ ਤੋ ਤੁਰਕ ਲੋਕ ਪਰਦੇਸੀਓਂ ਕੋ ਲੂਟ ਲੇਤੇ ਥੇ। ਉਸ ਪਰਬੱਤ ਕੇ ਮਾਰਗ ਕੋ ਨਾਮ ਗਿਦੜ ਗਲੀ ਥੋ। ਤਹਾਂ ਗਿਦੜ ਗਲੀ ਮਾਰਗ ਪਰ ਪੈਂਤੀਸ ਹਜਾਰ ਤੁਰਕੋਂ ਕੀ ਸੈਨਾ ਮਾਰਗ ਕੋ ਰੋਕ ਕੈ ਉਤਰੀ ਹੂਈ ਥੀ। ਤੀਨ ਲਾਖ ਅਸੀ ਹਜ਼ਾਰ ਤੁਰਕ ਪਸ਼ੌਰ ਕੀ ਓਰ ਸੇ ਚਲ ਕੇ ਆਵਤੇ ਭਯੇ। ਯੁਧ ਕਰਣੇ ਹਾਰੇ। ਕੁਲ ਤੁਰਕ ਚਾਰ ਲਾਖ ਔ ਪੰਦਰਾਂ ਹਜ਼ਾਰ ਜਮਾ ਹੋਤੇ ਭਯੇ।

ਇਸ ਓਰ ਸਿੰਘੋਂ ਨੇ ਨਸ਼ੌਹਰੇ ਕੀ ਭੂਮੀ ਕਾ ਤਯਾਗ ਕਰ ਕੇ ਕੋਸ ਦਸ ਕੁ ਪੀਛੇ ਹਟ ਕੇ ਸੈਦੂ ਗ੍ਰਾਮ ਕੇ ਮੈਦਾਨ ਡੇਰਾ ਆਇ ਕੀਆ। ਉਸ ਸਮੇ ਸਿੰਘੋਂ ਕੀ ਚਾਰ ਹਜ਼ਾਰ ਘੋੜ ਚੜੀ ਫੌਜ ਥੀ ਔ ਛੇ ਹਜ਼ਾਰ ਪੈਦਲੋਂ ਕੀ ਸੈਨਾ ਥੀ ਜੰਗੀ ਫੌਜ ਕੁਲ ਦਸ ਹਜ਼ਾਰ ਥੀ ਔ ਚਾਰ ਕੁ ਹਜ਼ਾਰ ਕਹਾਰ ਆਦਿਕ ਟੈਹਲੀਆਂ ਆਦਿਕ ਥੇ। ਕੁਲ ਚੌਦਾਂ ਹਜ਼ਾਰ ਾਦਮੀ ਕੀ ਜਮਾ ਥੀ। ਤਥਾ ਸਿੰਘੋਂ ਕੇ ਪਾਸ ਦੁਆਦਸ ਬਡੀਆਂ ਤੋਪਾਂ ਥੀਆਂ ਔ ਚੌਬੀਸ ਛੋਟੀਆਂ ਘੁੜਵੇਲਾਂ ਤੋਪਾਂ ੀਆਂ।

ਰਾਜਾ ਧਿਰਾਜ ਰਣਜੀਤ ਸਿੰਘ ਕੋ ਪਰਵਾਨੇ ਗਏ ਕਿ ਆਪ ਆਪਣੀ ਸਾਰੀ ਸੈਨਾ ਲੇ ਕੇ ਜਲਤੀ ਪਹੁਚੋ। ਤਨੀ ਤੁਰਕਾਨੀ ਹਮਾਰੇ ਸਾਥ ਯੁਧ ਲੀਏ ਇਕਠੀ ਹੂਈ ਹੈ। ਆਪ ਹਮਾਰੀ ਸਹਾਯਤਾ ਲੀਏ ਬਹੁਤ ਹੀ ਜਲਤੀ ਪਹੁੰਚੋ। ਪਰਮਾਦ ਅਥਵਾ ਭੈ ਕਰ ਕੇ ਕੁਛ ਦੇਰ ਲਗਾਵੋਗੇ ਤਬ ਆਪ ਕੋ ਲਵਪੁਰ ਕਯਾ ਪੰਜਾਬ ਭਰ ਮੇਂ ਰਹਿਣੋ ਮੁਸ਼ਕਲ ਹੋ ਾਇਗੋ। ਇਸ ਸੇ ਬਹੁਤੀ ਜਲਤੀ ਪਹੁੰਚੋ ਬਲ ਧਾਰ ਕੇ।

ਉਸ ਸਮੇ ਮੇਂ ਸਰਕਾਰ ਕੇ ਪਾਸ ਭੀ ਕੋਈ ਪਚਾਸ ਕੁ ਹਜਾਰ ਸੈਨਾ ਥੀ। ਕਲਮੀ ਪਰਵਾਨੋ ਸੁਣਤੇ ਹੀ ਸਰਕਾਰ ਪਸ਼ੌਰ ਕੇ ਊਪਰ ਚਢਾਈ ਕਰ ਦਈ। ਵਜੀਰ ਮੰਤ੍ਰੀ ਬਹੁਤ ਕਹਤੇ ਰਹੇ ਕਿ ਆਪ ਕੋ ਜਾਵਨੋ ਇਸ ਸਮੇ ਆਛੋ ਨਹੀਂ। ਕਾਹੇ ਤੇ ਤੁਰਕੋਂ ਕੀ ਸੈਨਾ ਬਹੁਤ ਹੀ ਜਮਾ ਹੋਇ ਰਹੀ ਹੈ। ਸੈਨਾ ਕੋ ਆਪ ਭੇਜ ਦੇਵੋ ਔ ਆਪ ਨ ਜਾਵੋ।

॥ਉਤਰ॥ ਸੁਨੋ ਮੰਤ੍ਰੀ ਹਮਾਰੇ ਘਰ ਕੇ ਬੜੇ ੨ ਸੂਰਬੀਰ ਸਰਦਾਰ ਹਰੀ ਸਿੰਘ, ਦੇਸਾ ਸਿੰਘ ਬੁਧ ਸਿੰਘ, ਅਮੀਰ ੰਘ, ਫੂਲਾ ਸਿੰਘ, ਰਾਜਾ ਗੁਲਾਬ ਸਿੰਘ ਸੇ ਆਦਿ ਲੈ ਕੇ ਸਾਰੇ ਹੀ ਉਸ ਫੌਜ ਮੈ ਹੈਂ ਔ ਕੁਲ ਸਾਰੀ ਦਸ ਹਜਾਰ ਕਲਮੀ ਜ ਹੈ ਹਮਾਰੀ, ਤੇ ਤੁਰਕੋਂ ਕੀ ਚਾਰ ਲਖ ਪੰਦਰਾਂ ਹਜਾਰ ਹੈ। ਯੇ ਤੋ ਆਟੇ ਮੈ ਲੂਨ ਸਮ ਬੀ ਨਹੀਂ ਹੈ। ਜੇ ਜਰਾ ਚਕ ਮਾਤਰ ਭੀ ਉਨ ਕਾ ਪੈਰ ਹਲ ਜਾਵੇ ਤਬ ਹਮਕੋ ਫਿਰ ਈਹਾਂ ਅਰਾਮ ਤਲਬੀ ਸੇ ਕੌਨ ਬੈਠਨੇ ਦੇਵੈਗੋ। ਤਾਂਤੇ ਬੀ ਜਲਤੀ ਸਾਰੀ ਸੈਨਾ ਕੋ ਹਮਾਰੇ ਹੁਕਮ ਸੁਨਾਇ ਦੇਵੋ ਜੋ ਯੁਧ ਕੇ ਵਾਸਤੇ ਸੈਨਾ ਤਯਾਰ ਹੋ ਕੇ ਪਿਸ਼ੌਰ ਕੀ ਓਰ ਡੇਰਾ ਚ ਕਰ ਕੇ ਚਲ ਦੇਵੇ।

ਇਸ ਪਰਕਾਰ ਹੀ ਮੰਤਰੀ ਕਹਤੇ ਭਯੇ। ਲਵਪੁਰ ਸੇ ਪਛਮ ਕੀ ਓਰੈ ਨਿਸਾਨ ਖੜੇ ਹੋ ਜਾਤੇ ਭਏ। ਬਲ ਕੂਚ ਕਰਕੇ ਬਜਾਰਾ ਕੇ ਘਾਟ ਸਿੰਧੂ ਗੰਗਾ ਕੇ ਤੀਰ ਜ਼ਾਇ ਉਤ੍ਰੇ। ਉਧਰ ਸਿੰਘੋਂ ਕੇ ਡੇਰੇ ਮੈ ਏਕ ਸਰਦਾਰ ਥੋਰੇ ਨਸੋ ਪਾਨ ਕਰਕੇ ਜਿਉਂ ਕੁਰਸੀ ਪਰ ਬੈਠੇ ਸਾਰੀ ਰਾਤ੍ਰੀ ਭਜਨ ਕਰਤਾ ਰਹੇ। ਐਸੇ ਪੁਕਾਰਤਾ ਰਹੇ—ਸ੍ਰੀ ਗੁਰੂ ਾਹਿਬ ਸਿੰਘ ਸਾਹਿਬ ਹੇ ਗੁਰੂ ਜੀ ਅਬ ਸਹਾਯਤੋ ਕੋ ਸਮੋ ਹੈ, ਅਬ ਹਮਾਰੀ ਸਹਾਯਤਾ ਕਰੋ। ਇਨ ਤੁਰਕੋਂ ਸੇ ਰਖ

ਲੇਵੇ—ਜੈਸੇ ਤਪਤ ਥੰਭ ਕੋ ਫੋੜ ਕੇ ਨਰਸਿੰਘ ਕੋ ਰੂਪ ਧਾਰ ਕੇ ਆਪਨੇ ਪ੍ਰਹਲਾਦ ਕੀ ਰਖਯਾ ਕਰੀ ਥੀ ਤੈਸੇ ਅਬ ਭੀ ਅਪਨੇ ਬਿਰਦ ਕੀ ਲਾਜ ਰਾਖੋ। ਆਪ ਕੀ ਸਹਾਯਤਾ ਬਿਨਾ ਯੇਹ ਬੇੜਾ ਡੂਬ ਜਾਵੇਗਾ। ਯਦਪੀ ਹਮ ਨਾਮ ਧਰੀਕ ਆਪਕੇ ਸਿਖ ਹਾਂ ਤਥਾਪੀ ਫਿਰ ਆਪ ਕੋ ਹੀ ਬਿਰਦ ਲਾਜਯੇਗੋ।

ਇਧਰ ਊਨੇ ਸਾਹਿਬ ਮੈ ਸ੍ਰੀ ਗੁਰੂ ਸਾਹਿਬ ਸਿੰਘ ਜੀ ਬਿਰਾਜਮਾਨ ਥੇ। ਦੂਨਾ ਸਿੰਘ ਕੋ ਆਪਨੇ ਸਮੀਮ ਬੁਲਾਇ ਕੇ ਬਚਨ ਕਰਤੇ ਭਏ। ਵੋ ਦੂਨਾ ਸਿੰਘਾ ਸਿਖੋਂ ਕੇ ਊਪਰ ਅਬ ਬੜੀ ਭੀੜਾ ਬਨੀ ਹੂਈ ਹੈ। ਇਸ ਵਕਤ ਹਮ ਅਪਨੇ ਸਰੀਰ ਕੂੰ ਈਹਾਂ ਅਸਥਾਪਨ ਕਰਕੇ ਸਿੰਘੋਂ ਕੀ ਸਹਾਯਤਾ ਅਰਥ ਜਾਤੇ ਹੈਂ। ਐਸੇ ਨ ਹੋਵੈ ਜੈਸੇ ਗੁਰੂ ਰਾਮ ਰਾਇ ਕਾ ਸਰੀਰ ਅਪਨੇ ਸਿਖ ਕੀ ਅਤਿਵਾਹਕ ਸਰੀਰ ਸੇ ਸਮੁਦ੍ਰ ਮੈ ਸੇ ਜਹਾਜ ਨਿਕਾਸਨ ਰੂਪ ਸਹਾਯਤਾ ਕਰਣੇ ਗਏ ਕਾ ਪੀਛੇ ਮਸੰਦੋਂ ਨੇ ਮ੍ਰਿਤ ਸਰੀਰ ਜਾਨਕੇ ਫੂਕ ਦੀਓਥੇ। ਐਸੇ ਹਮਾਰੇ ਸਰੀਰ ਕੋ ਨ ਫੂਕ ਦੇਵੇ। ਤੈਨੇ ਬੜੀ ਸਾਵਧਾਨਤਾ ਸੇ ਹਮਾਰੇ ਸਰੀਰ ਕੀ ਰਖਯਾ ਕਰਣੀ। ਬਰਾਬਰ ਰਾਤ੍ਰ ਦਿਨ ਪਹਰਾ ਖੜਾ ਰਾਖਣੋ। ਪ੍ਰਮਾਦ ਨਹੀ ਕਰਣੋਂ। ਸਿਖੋਂ ਕੋ ਬੇੜੇ ਤੋ ਅਬੀ ਹੀ ਤੁਰਕੋਂ ਡੋਬ ਦੇਨੇ ਥੇ ਪਰੰਤੂ ਕਯਾ ਕਰੇ ਏਕ ਪ੍ਰੇਮੀ ਸਿਖ ਹਮਕੋ ਸਾਰੀ ਰਾਤ ਸੋਵਨੇ ਨਹੀ ਦੇਤੇ ਹੈ। ਸਹਾਯਤ ਭੀਏ ਹਮਾਰੋ ਨਾਮ ਲੈ ਲੈ ਕੇ ਪੁਕਾਰਤੋ ਰਹਤੋ ਹੈ। ਤਿਸ ਏਕ ਸਿਖ ਪੀਛੇ ਹਮਕੋ ਸਾਰੇ ਬੇੜੇ ਕੀ ਰਛਾ ਕਰਣੀ ਪੜੀ ਹੈ।

ਐਸੇ ਭਾਈ ਦੂਨਾ ਸਿੰਘ ਕੋ ਅਪਨੀ ਸਰੀਰ ਕੀ ਸੌਂਪਨਾ ਕਰਕੇ ਆਪ ਅਤਿਵਾਹਕ ਰੂਪ ਕਰਕੇ ਤਹਾਂਤੇ ਔ ਪਾਂਚ ਸ਼ਹੀਦ ਸਿੰਘ ਸਾਥ ਲੈ ਕੇ ਸਿਖੋਂ ਕੀ ਸਹਾਯਤਾ ਕਰਣੇ ਕੂੰ ਸ੍ਰੀ ਗੁਰੂ ਸਾਹਿਬ ਸਿੰਘ ਜੀ ਤਹਾਂ ਤੇ ਪਧਾਰੇ। ਪ੍ਰਥ ਸਿੰਧੁ ਗੰਗਾ ਕੇ ਤੀਰੇ ਅਟਕ ਕੇ ਕਿਲੇ ਸੇ ਬਾਹਿਰ ਭਾਈ ਹੀਰਾ ਸਿੰਘ ਦੇ ਬੇਟੇ ਕੂੰ ਇਸ਼ਨਾਨ ਸਮੇ ਦਰਸ਼ਨ ਦੇ ਕੇ ਸ੍ਰ ਗੁਰੂ ਜੀ ਨੇ ਤਿਸਕੇ ਪ੍ਰਤਿ ਏਹੁ ਬਚਨ ਕੀਆ ਕਿ ਚਲ ਭਾਈ ਸਿਖਾ ਤੂੰ ਹਮਾਰੇ ਨਿਸ਼ਾਨ ਸਾਹਿਬ ਕੀ ਤਾਬਯਾ ਰਹਾ ਕਰ। ਹਮਾਰਾ ਨਿਸਾਨਚੀ ਹੋਇ ਕੇ।

ਸਾਹਿਬ ਕਾ ਅਦਭੁਤ ਦਿਬਯ ਦਰਸ਼ਨ ਕਰਕੇ ਔ ਅੰਮ੍ਰਿਤ ਰੂਪੀ ਬਚਨ ਸ੍ਰਵਣ ਕਰਕੇ ਸ੍ਰੀ ਗੁਰੂ ਜੀ ਕੇ ਚਰ ਕਮਲੋਂ ਪਰ ਮਥਾ ਟੇਕਕੇ ਸਤ ਬਚਨ ਮਾਨ ਕੇ ਘਰ ਮੈ ਆਇਕੇ ਮਾਤਾ ਪਿਤਾ ਆਦਿਕ ਸਨਬੰਧਯੋਂ ਪ੍ਰਤੀ ਬਚਨ ਕਰ ਯੋ ਸਭ ਸੇ। ਕਯਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਂਚ ਸ਼ਹੀਦੋਂ ਸਿਖ਼ੋਂ ਸਹਿਤ ਸਿਖੋਂ ਕੀ ਸਹਾਯਤਾ ਕਰਣੇ ਕੂੰ ਆ ਂ ਔ ਮੁਝ ਕੋ ਆਗਯਾ ਕਰੀ ਹੈ ਕਿ ਭਾਈ ਸਿਖਾ ਤੂੰ ਹਮਾਰਾ ਨਿਸ਼ਾਨ ਹੋ ਕੇ ਹਮਾਰੇ ਨਿਸ਼ਾਨ ਸਾਹਿਬ ਕੀ ਤਾਬ ਹਯਾ ਕਰ। ਆਪ ਲੋਕੋਂ ਨੇ ਹਮਾਰਾ ਬੋਲਯਾ ਚਾਲਯਾ ਮਾਫ ਰਖਣਾ। ਏਹੁ ਦੇਖੋ ਸਾਹਿਬ ਕੇ ਪਠਾਏ ਹੂਏ ਸ਼ਹੀਦ ਸਿੰ ਝਕੋ ਲੇਨੇ ਵਾਸਤੇ ਮੇਰੇ ਸਾਥ ਆਏ ਹੈਂ। ਐਸੇ ਮਾਤਾ ਪਿਤਾ ਆਦਿਕ ਸਨਬੰਧਯੋਂ ਸੇ ਕਹਕੇ ਬਸਤ੍ਰ ਬਿਛਾਇਕੇ ਹਮ ਾਸਤੇ ਕਿਸੇ ਨੇ ਰੋਵਨਾ ਨਹੀਂ। ਹਮ ਬਡੀ ਉਤਮ ਗਤੀ ਕੋ ਪ੍ਰਾਪਤ ਭਏ ਹੈਂ।

ਐਸੇ ਕਹਕੈ ਤਾਤਕਾਲ ਹੀ ਅੰਨ ਮਯ ਕੋਸ ਰੂਪ ਸਰੀਰ ਕੋ ਤਯਾਗ ਕੋ ਦਿਬਯ ਤੇਜੋ ਮਯ ਦੇਹ ਕੋ ਧਾਰ ੀ ਗੁਰੂ ਜੀ ਕੇ ਸਾਥ ਜਾਇ ਮਿਲਤੋ ਭਯੋ।

ਇਸ ਓਰ ਸਰਕਾਰ ਰਣਜੀਤ ਸਿੰਘ ਪਚਾਸ ਹਜਾਰ ਸਿੰਘੋਂ ਕੀ ਸੈਨਾ ਲੈ ਕੇ ਸਿੰਧੁ ਗੰਗਾ ਕੇ ਤੀਰੇ ਆ ਤਰਯੋ। ਬਜਾਰਾ ਕੇ ਪਤਨ ਪਰ ਸਿੰਧੁ ਗੰਗਾ ਕਾ ਬਡਾ ਬਲ ਵਾਲਾ ਪ੍ਰਵਾਹ ਜੋ ਹਾਥੀਯੋਂ ਕੋ ਭੀ ਵਹਾਯ ਕੇ ਲੇਜਾ ਰੋ ਥਾ। ਔ ਤੁਰਕੋਂ ਨੇ ਸਾਰੀਆਂ ਬੇੜੀਆਂ ਇਕਠਯਾਂ ਕਰਕੇ ਕਮਾਲਯੇ ਕੇ ਪਾਸ ਬਾਂਧ ਰਾਖੀ ਔ ਪੈਂਤੀਸ ਹਜਾਰ ਤੁਰ ਗਦੜ ਗਲੀ ਕੋ ਮਾਰਗ ਰੋਕੀ ਬੈਠੇ ਪਾਂਚ ਛੇ ਕੋਸ ਕੇ ਫ਼ੈਸਲੇ ਪਰ ਬੈਠੇ ਹੈ ਰਣਜੀਤ ਸਿੰਘ ਪਰੰਤੂ ਪੇਸ਼ ਕੋਈ ਨਹੀਂ ਜਾ ਈ। ਦੋ ਦਰਿਆਉ ਬੀਚ ਚਲ ਰਹੇ ਹੈਂ। ਔ ਸਮੀਪ ਕੋ ਗਿਦੜ ਗਲੀ ਕੋ ਮਾਰਗ ਪੈਂਤੀਸ ਹਜਾਰ ਤੁਰਕ ਰੋ ਠੇ ਹੈਂ। ਗਿਦੜ ਭੀ ਜਿਸ ਗਲੀ ਮੈ ਬਡੀ ਮੁਸ਼ਕਲ ਸੇ ਨਿਕਸ ਸਕੇ ਸਾ ਕਹਾਵੇ ਗਿਦੜ ਗਲੀ, ਅਰਥਾਤ ਬਹੁਤ ਗ ਮਾਰਗ ਥੋ ਯਾਂਤੇ ਤਿਸ ਮਾਰਗ ਕੋ ਨਾਮ ਗਿਦੜ ਗਲੀ ਲੋਕ ਕਹਤੇ ਹੈ।"

ਉਸ ਓਰ ਤੁਰਕੋਂ ਨੇ ਸਿੰਘੋਂ ਸੇ ਕਹ ਭੇਜਯਾ ਦੂਤ ਕੇ ਹਾਥ ਕਿ ਤੁਮ ਲੋਕ ਕਹਤੇ ਹੀ ਥੋਰੇ ਸੇ ਹੋ ਨਾਹਕ
ਆਪਨੀ ਜਾਨ ਨ ਗਵਾਵੋ । ਕਿੰਤੂ ਹਮਾਰੇ ਸਾਮਨੇ ਸ਼ਾਮ ਸ਼ਸਤ੍ਰ ਤਯਾਗ ਕੇ ਚਲੇ ਆਵਹੁ ਤੇ ਕਲਮਾਂ ਪੜ੍ਹ ਮੁਸਲਮਾਨੀ
ਦੀਨ ਕਬੂਲ ਕਰੋ । ਤਬ ਤੁਮਾਰੇ ਬਚਾਉ ਹੋ ਸਕਤੇ ਹੈ । ਅਬ ਜੀਵਤੇ ਅਪਨੇ ਘਰੋ ਕੋ ਨ ਜਾਵਹੁਗੇ । ਬਡੀ ਭਾਰੀ
ਪ੍ਰਬਲ ਤੀਨ ਲਾਖ ਅਸੀ ਹਜਾਰ ਤੁਰਕੋਂ ਕੀ ਸੇਨਾ ਚਲੀ ਆਵਤੀ ਹੈ ਸਨਧਬਧ ਹੋ ਕੇ ਜਿਸ ਮੈ ਏਕ ਸੇ ਏਕ
ਅਧਿਕ ਉਤਸਾਹੁ ਔ ਬਲਵਾਨ ਸੂਰਬੀਰ ਤੁਰਕ ਗਾਜੀ ਹੋਨ ਵਾਲੇ ਹੈਂ । ਤੁਮ ਲੋਕ ਤੋ ਉਨਕੇ ਆਗੇ ਆਟੇ ਮੈ ਲੂਨ
ਸਮਾਨ ਭੀ ਨਹੀਂ ਹੈਂ । ਯਾਂ ਤੇ ਅਪਨੇ ਜੀਵ ਬਚਾਨੇ ਲੀਏ ਕਲਮਾ ਪੜਕੇ ਹਮਾਰੇ ਸੰਗ ਖਾਣਾ ਖਾਇਕੇ ਸੁਖ ਪੂਰਬਕ
ਕੋਈ ਦਿਨ ਜਗਤ ਮੈ ਜੀਵੋ । ਯੇਹ ਤੁਮਾਰੇ ਵਾਸਤੇ ਬਹੁਤ ਹੀ ਅਛੀ ਬਾਤ ਹੈ । ਕਾਹੇ ਤੇ ਅਬ ਭਾਗ ਕੇ ਤੋ ਤੁਮ ਬਚ
ਸਕਤੇ ਹੀ ਨਹੀਂ । ਕਾਹੇ ਤੇ ਜੋ ਚਾਰੋਂ ਓਰ ਤੁਰਕੋਂ ਨੇ ਘੇਰੋ ਪਾਇ ਛੋਡਯੋ ਹੈ ਔਰ ਕੋਈ ਤੁਮਾਰੇ ਬਚਨੇ ਕਾ ਉਪਾਇ
ਨਿਗਾਹ ਨਹੀਂ ਆਵਤੋ ਹੈ । ਯਾਤੇ ਮੁਸਲਮਾਨ ਹੋ ਜਾਵਹੁ ਯਾ ਲੜ ਕੇ ਮਰ ਜਾਵੋ । ਬਸ ਤੀਸਰੋ ਉਪਾਉ ਕੋਈ ਨਹੀਂ
ਬਨਤੇ ਹੈ ।

ਐਸੇ ੨ ਦੂਤ ਕੇ ਵਚਨ ਸੁਣ ਕੇ ਸਿੰਘ ਕੇ ਸਮਾਨ ਗਰਜ ਕੇ ਖਾਲਸੇ ਨੇ ਤੁਰਕੇਸ ਕੇ ਪ੍ਰਤਿ ਬਚਨ ਕੀਆ :
ਅਰੇ ਦੁਸ਼ਟ ਦੂਤ ਮਾਰ ਤੋ ਤੁਝ ਕੋ ਅਬ ਹੀ ਦੇਤੇ ਪਰੰਤੂ ਕਯਾ ਕਰੈ ਦੂਤ ਕੇ ਮਾਰਨੇ ਸੇ ਦੋਸ ਲਾਗਤੇ ਹੈ । ਜਾਹੁ ਦੋਸਤ
ਮੁਹੰਮਦ ਸੇ ਕਹ ਦੇਉ ਕਿ ਕਲਮੋ ਤੁਮਾਰੋ ਬਾਜਾਰ ਮੈ ਏਕ ੨ ਕੋਡੀ ਕੋ ਬਿਕਤੋ ਹੈ । ਚਿੜਯਾਂ ਹਜਾਰੋਂ ਹੋਤਯਾਂ ਹੈਂ ਔਰ
ਬਾਜ ਏਕ ਹੀ ਹੋਤੇ ਹੈ । ਤਥਾਪੀ ਚਿੜਯਾਂ ਬਾਜ ਕੋ ਮਾਰ ਨਹੀਂ ਸਕਤੀਆਂ ਔ ਬਾਜ ਇਕੇਲੋ ਹੀ ਚਿੜਯਾਂ ਕੋ ਮਾਰ ਮਾਰ
ਤੋੜ ੨ ਕੇ ਭਖਣ ਕਰ ਜਾਤੋ ਹੈ । ਹਮ ਸਿੰਘ ਹੈਂ ਜੈਸੇ ਬਾਜ ਚਿੜੀਉਂ ਕੋ ਸਿੰਘ ਸਿਯਾਰ ਕੋ ਬ੍ਰਿਕ ਅਜਾ ਅਵੀ
ਔ ਜੈਸੇ ਕੂਹੀ ਕੂੰਜੋਂ ਕੋ ਗਰੁੜ ਸਰਪ ਕੋ ਮਾਰ ਕੇ ਭਖਣ ਕਰ ਜਾਤੇ ਹੈ ਤਦਵਤ ਤੁਰਕ ਜਾਤੀ ਤੋ ਹਮਾਰੋ ਭਖ
। ਤੁਰਕ ਬਹੁਤ ਹੁਏ ਤਬ ਕਯਾ ਹੂਆ ।

ਐਸੇ ਦੂਤ ਸੇ ਕਹਕੈ ਕੁਛ ਕੁ ਭੈ ਦੇ ਕੇ ਪਠਾਇ ਦੀਆ । ਅਗਲੇ ਦਿਨ ਸਿੰਘੋਂ ਕੋ ਸਾਰੇ ਸਮਾਚਾਰ ਤੁਰਕ
ਤੀ ਕੇ ਪ੍ਰਤੀ ਜਾਇ ਕਹਯਾ । ਸੁਣ ਕੇ ਬਡੋ ਕੋਪ ਹੋ ਕੈ ਯੁਧ ਦੀ ਤਯਾਰੀ ਕਰਤੇ ਭਏ । ਤੀਨ ਲਾਖ ਅਸੀ ਹਜਾਰ
ਰਕ ਕਾ ਹੱਲਾ ਹੋ ਜਾਵੇ ਤੋ ਸਿਖੋਂ ਕਾ ਪ੍ਰਿਥਵੀ ਮੈ ਬੀਜ ਮਾਤ੍ਰ ਭੀ ਨਾ ਰਹਣੇ ਦੇਵੋ । ਦਸ ਹਜਾਰ ਸਿਖ ਹਮਾਰੇ
ਗੇ ਕਯਾ ਹੈਂ । ਵੋ ਤੋ ਹਮਾਰੋ ਏਕ ਫਕੋ ਭੀ ਨਹੀਂ ਹੈ ।

ਐਸੇ ਕਹਕੇ ਏਕ ਮਤੋ ਕਰਕੇ ਬਡੇ ਜੋਰ ਸੋਰ ਸੇ ਅਗਲੇ ਦਿਨ ਯੁਧ ਕੇ ਲੀਏ ਚਢਾਈ ਕਰਤੇ ਭਏ । ਇਸ
ਰ ਪ੍ਰਥਮ ਖਾਲਸੇ ਨੇ ਛਾਪਯੋਂ ਕਾ ਸੰਗਰ ਅਪਨੇ ਡੇਰੇ ਕੇ ਚਾਰੋਂ ਓਰ ਮਾਰ ਲੀਆ । ਪੁਨਾ ਆਪਸ ਮੈਂ ਖਾਲਸੇ ਨੇ
ਚਾਰ ਕੀਆ ਕਿ ਇਤਨੀ ਸੈਨਾ ਕੇ ਆਗੇ ਯੇ ਸੰਗਰ ਕਯਾ ਰੋਕ ਕਰ ਸਕਤੋ ਹੈ ਔ ਤੁਮ ਕਯਾ ਬਲ ਕਰ ਸਕਤੇ ਹੋ ।

ਤਬ ਸਰਦਾਰ ਅਮਰ ਸਿੰਘ ਮਜੀਠਯੇ ਨੇ ਸਰਦਾਰ ਲਹਣਾ ਸਿੰਘ ਨੇ ਕਹਯਾ ਜੇ ਤੁਰਕ ਆਵਤੇ ਹੀ ਪਹਲੇ
ਲਾਘੋਂ ਸੇ ਉਠਾਇ ਦੇਵੈਂਗੇ ਸੰਗਰ ਕੋ ਅਥਵਾ ਆਗ ਹੀ ਲਗਾਇ ਦੇਵੈਗੇ ਤਬ ਕਯਾ ਕਰੋਗੇ । ਕਯਾ ਬਣਾਵੋਗੇ ਕਹਾਂ
ਗ ਕੇ ਜਾਵੋਗੇ । ਅਬ ਲਾਹੌਰ ਦੂਰ ਹੈ । ਕੁਤੇ ਕੀ ਮੌਤ ਨ ਮਰੋ । ਕਿੰਤੂ ਤੁਰਕੋਂ ਕੇ ਸਾਥ ਧਰਮ ਯੁਧ ਕਰਕੇ ਸੂਰ-
ਰੋਂ ਕੀ ਗਤੀ ਕੋ ਪ੍ਰਾਪਤ ਹੋਵੋ । ਸਰਦਾਰ ਅਮਰ ਸਿੰਘ ਆਪ ਬਡੋ ਪ੍ਰਸਿਧ ਬਲਵਾਨ ਸੂਰਬੀਰ ਥੇ । ਸਾਤ ੨
ਤਾਹਯੋਂ ਮੈ ਸੇ ਤੀਰ ਨਿਕਾਸ ਦੇਤੋ ਥੇ । ਧਨੁਖ ਵਿਦਯਾ ਮੈ ਐਸੋ ਕੁਸਲ ਥੇ । ਪੁਨਾ ਸਰਦਾਰ ਅਮਰ ਸਿੰਘ ਨੇ
ਹਯਾ ਕਿ ਗੁਰੂ ਸਾਹਿਬ ਜੀ ਕੇ ਨਿਸ਼ਾਨ ਸਾਹਿਬ ਜੀ ਕੇ ਨੀਚੇ ਖੜੇ ਹੋ ਕੇ ਸਰਬ ਖਾਲਸੇ ਸੇ ਬਚਨ ਸੁਣਾਇ ਕੇ ਕਹਯੋ
ਾਵੇ ਕਿ ਯੇ ਧਰਮ ਕੋ ਯੁਧ ਦੀਨ ਕੇ ਸਾਥ ਹੈ । ਜਿਸ ਨੇ ਗੁਰੂ ਜੀ ਕੇ ਨਮਿਤ ਸੀਸ ਦੇਨੇ ਹੈ ਸੋ ਨਿਸ਼ਾਨ ਸਾਹਿਬ
ੀ ਦਾਹਨੀ ਓਰ ਆਇਕੇ ਖੜੇ ਹੋ ਜਾਵੋ । ਔ ਜਿਸ ਕੋ ਅਪਨੇ ਅਪਨੇ ਪ੍ਰਾਣ ਇਸਤ੍ਰੀ ਪੁਤ੍ਰ ਧਨ ਗ੍ਰਹ ਪਯਾਰੇ ਹੈ ਸੋ

ਨਿਸ਼ਾਨ ਸਾਹਿਬ ਕੇ ਬਾਂਵੇਂ ਪਾਸੇ ਖੜੇ ਹੋ ਜਾਵੋ । ਐਸੋ ਏਕ ਮਤੋ ਕਰਕੇ ਧਰਮ ਯੁਧ ਕਰੋਗੇ । ਜੇ ਜੀਤੋਗੇ ਤਬ ਪ੍ਰਿਥਵੀ ਕੋ ਰਾਜ ਔਰ ਯਸ ਕੋ ਪਾਵੋਗੇ ਔਰ ਧਰਮ ਯੁਧ ਮੈ ਮਾਰੇ ਗਏ ਤਬ ਸੁਰਗ ਕੋ ਰਾਜ ਭੋਗੋਗੇ । ਹਮਾਰੇ ਤੋਂ ਦੋਨੋ ਹਾਥੋਂ ਮੈ ਲਾਡੂ ਹੈਂ । ਇਸ ਸੇ ਸਾਵਧਾਨ ਹੋ ਕੇ ਧਰਮ ਯੁਧ ਕਰੋ । ਕਿਸੀ ਬਾਤ ਕੋ ਚਿੰਤਾ ਸ਼ੋਕ ਮਤ ਕਰੋ ।

ਜੈਸੇ ਸਰਦਾਰ ਅਮਰ ਸਿੰਘ ਨੇ ਕਹਯੋ ਤੈਸੇ ਹੀ ਸਾਰੇ ਸਰਦਾਰ ਮਾਨ ਕੇ ਵੈਸੇ ਹੀ ਕਰਤੇ ਭਏ । ਦਸ ਹਜ਼ਾਰ ਖਾਲਸੇ ਮੈ ਸੇ ਏਕ ਭੀ ਕਾਯਰ ਨ ਨਿਕਸਤੋ ਭਯੋ । ਸਭੀ ਸਿੰਘ ਨਿਸ਼ਾਨ ਸਾਹਿਬ ਕੀ ਦਾਹਨੀ ਓਰ ਖੜੇ ਹੋ ਜਾਤੇ ਭਏ । ਕਿਸੇ ਨੇ ਭੀ ਅਪਨੇ ਪ੍ਰਾਣੋਂ ਕੋ ਪਯਾਰੋ ਨ ਕੀਓ । ਸਭ ਨੇ ਪ੍ਰਾਣੋਂ ਸੇ ਭੀ ਪਯਾਰੋ ਧਰਮ ਕੋ ਹੀ ਮਾਨਯੋ । ਜਿਸ ਓਰ ਨੀਤੀ ਔ ਧਰਮ ਹੋਤੇ ਹੈਂ ਤਿਸੀ ਓਰ ਦਿਗ ਵਿਜਯ ਬਿਭੂਤੀ ਐਸ੍ਵਰਯ ਹੋਤੇ ਹੈਂ । ਯਾਂਤੇ ਸਰਬਤ ਸੁਨੀਤੀ ਔ ਧਰਮ ਕੀ ਜਯ ਹੈ ਔ ਹੋਗੀ ।

ਐਸੇ ਸਰਬ ਖਾਲਸੇ ਨੇ ਏਕ ਮਤੋ ਕਰਕੇ ਪ੍ਰਥਮ ਆਪ ਹੀ ਆਗ ਲਗਾਕੇ ਛਾਪਯੋਂ ਕਾ ਸੰਗਰ ਫੂਕ ਡਾਰਯੋ । ਪੁਨਾ ਅਰਦਾਸ ਕਰਕੇ ਦਸਹੀਂ ਗੁਰੂਆਂ ਕੋ ਨਾਮ ਲੈ ਕੇ ਪੁਨਾ ਸਰਬ ਗੁਰੂਆਂ ਕੋ ਧਯਾਨ ਕਰਕੇ ਕੜਾਹ ਪ੍ਰਸਾਦਿ ਸੁਖਕੇ ਸਤਨਾਮੁਕਾ ਉਚਾਰਨ ਕਰਕੇ ਚਢਾਈ ਤੁਰਕੋਂ ਪਰ ਖਾਲਸਾ ਕਰਤੇ ਭਯੋ । ਪੁਨਾ ਚੌਬੀਸ ਛੋਟੀਆਂ ਤੋਪਾਂ ਔਰ ਚਾਰ ਹਜ਼ਾਰ ਅਸਵਾਰ ਤੁਰਕੋਂ ਕੇ ਆਗੇ ਸਨਮੁਖ ਹੋਤੇ ਭਯੋ ਔ ਛਰਰੇ ਕਥਕੇ ਦਡਯੋਂ ਬਾਰਾਂ ਤੋਪੋਂ ਮੈ ਔ ਖਟ ਹਜ਼ਾਰ ਪੈਦਲ ਫ਼ੌਜ ਪੀਛੇ ਕੋਈ ਦੋ ਕੋਸ ਕੇ ਫੈਸਲੇ ਪਰ ਕਰ ਛੋਡੀ ।

ਉਧਰ ਤੁਰਕੋਂ ਨੇ ਸੁਨਯੋ ਥੋ ਕਿ ਸਿੰਘੋਂ ਨੇ ਸੰਗਰ ਮਾਰ ਰਾਖਯੋ ਹੈ। ਤਿਸ ਕੋ ਉਠਾਵਨੇ ਵਾਸਤੇ ਪਾਂਚ ਹਜ਼ਾਰ ਜੁਆਨ ਸੰਜੋਆ ਵਾਰੋ ਤੁਰਕ ਹਾਥੋਂ ਮੈ ਸਲਘਾਂ ਪਕਰ ਕੇ ਆਗੇ ਕਰ ਦੀਓ । ਕਯਾ ਜਾਤੇ ਹੀ ਸੰਘਰ ਉਠਾਇ ਦੇਵੇ । ਜਬ ਪ੍ਰਾਤਯ ਕਾਲ ਹੂਆ ਸੂਰਯ ਭਗਵਾਨ ਕੀ ਕਿਰਣੈ ਅੰਧਕਾਰ ਕੋ ਭਖਣ ਕਰਤੀ ਹੂਈ ਦਸੋ ਦਿਸ਼ਿ ਕੋ ਰੁਠ ਧਾਈ ਤਬ ਕਯਾ ਦੇਖਤੇ ਜੋ ਵਾਪਸ ਰਿਤੂ ਕੀ ਕਾਲੀ ਘਟਾ ਕੇ ਸਮਾਨ ਤੁਰਕੋਂ ਕੀ ਸੈਨਾ ਚਲੀ ਆਵਤੀ ਹੈ । ਬਡੇ ਬੇਗ ਸੇ ਉਸੀ ਸਮੇ ਮੈ ਸੂਰਮਯੋਂ ਕੇ ਮੁਖ ਪਰ ਲਾਲੀ ਪਸਰ ਗਈ ਔ ਕਾਇਰੋਂ ਕੇ ਹਿਰਦੇ ਦਹਲ ਗਏ । ਤਿਨਕੇ ਮਖੋਂ ਪਰ ਪੀਲਤਨ ਫਿਰ ਜਾਤੀ ਭਈ, ਦੂਰ ਸੇ ਹੀ ਦੇਖਕੇ ਸਿੰਘੋਂ ਕੇ ਮਨ ਮੇਂ ਬਡੋ ਉਤਸਾਹ ਬਢ ਗਯੋ ਔ ਸੂਰਮਯੋ ਕੇ ਰੋਮ ਸੇਹ ਕੇ ਤਕਲਯੋਂ ਕੇ ਸਮਾਨ ਖੜੇ ਹੋ ਜਾਤੇ ਭਏ । ਸੂਰਮੇ ਜਾਮਯੋਂ ਮੈ ਨ ਸਮਾ ਸਕਤੇ ਭਏ ਔ ਚੌਬੀਸ ਤੋਪੋਂ ਕੇ ਫੈਰ ਕਰਤੇ ਭਏ । ਉਨ ਤੋਪੋਂ ਕੇ ਸਬਦ ਕੇ ਮਿਸ ਕ੍ਰਿਪਾ ਕੀ ਸਾਗਰ ਸ੍ਰੀ ਕਾਕਕਾ ਭਗਵਤੀ ਗਰਜਤੀ ਭਈ । ਜਿਸ ਸ਼ਬਦ ਕੋ ਸੁਣ ਕੇ ਤੁਰਕੋਂ ਕੀ ਛਾਤੀ ਦਹਲ ਜਾਤੀ ਭਈ । ਬਡੇ ਭਯ ਕੋ ਪ੍ਰਾਪਤ ਹੋਤੇ ਭਏ ਔ ਮਹਾਂ ਭੀਮ ਰੂਪ ਸ੍ਰੀ ਭੈਰਵ ਜੀ ਭਬਕਤੇ ਭਏ ਔ ਨਾਰਦ ਜੀ ਤੇ ਕਲਹ ਡੌਰੂ ਬਜਾਇਕੇ ਨਾਚਤੇ ਭਏ । ਭੂਤ ਪਿਸਾਚੋਂ ਕੇ ਝੁੰਡ ਝੰਡੀਯਾਂ ਖਿਲਾਇਕੇ ਕਿਲਕਾਰੀ ਮਾਰ ੨ ਕੇ ਹਸਤੇ ਔ ਨਾਚਤੇ ਭਏ । ਹਾਥੋਂ ਮੈ ਖਪਰ ਲੀਏ ਹੂਏ ਜਟਾਕੇ ਝੁੰਡ ਫੈਲਾਇਕੇ ਰੁਧਿਰ ਪਾਨ ਕਰਬੇ ਕੋਂ ਚਾਰੋਂ ਓਰ ਸੇ ਜੋਗਨੀਆਂ ਆਇ ਜਾਤੀਆਂ ਭਈਆਂ । ਔ ਯੁਧ ਕਾਲ ਮੈ ਪਵਨ ਭ
ਸਿੰਘੋਂ ਪੀਛੇ ਹੋ ਜਾਤੇ ਭਯੋ । ਤੁਰਕ ਭੀ ਤੋਪੋਂ ਕੋ ਚਲਾਤੇ ਹੂਏ ਚਲੇ ਆਤੇ ਹੈਂ । ਸਿੰਘੋਂ ਕੀ ਸੈਨਾ ਅਲਪ ਸੀ ਹੈ ਔ ਤੁਰਕੋਂ ਕੀ ਸੈਨਾ ਮਹਾ ਪ੍ਰਬਲ ਜੈਸੇ ਗਿਰਸੇ ਜਲ ਕਾ ਪ੍ਰਵਾਹ ਬਡੇ ਬੇਗ ਸੇ ਚਲਯੋ ਆਵਤੋ ਹੈ । ਤੀਰ ਕੇ ਬ੍ਰਿਛੋਂ ਕੋ ਗਿਰਾਵਤਾ ਹੂਆ ਔ ਦੇਸੋਂ ਕੋ ਦਬਾਵਤਾ ਹੂਆ ਤਦਵਤ ਤੁਰਕੋਂ ਕੀ ਸੇਨਾ ਕੋ ਪ੍ਰਵਾਹ ਕੇ ਬੇਗ ਬਢਤੇ ਚਲਯੋ ਆਵ
ਹੈ । ਜੈਸੇ ਛਿਨ ੨ ਮੈ ਪਰਬਕੇ ਦਿਨ ਮੈ ਰਾਹੂ ਸੂਰਯ ਕੇ ਤੇਜ ਕੋ ਗ੍ਰਹਸਤੋ ਜਾਤੋ ਹੈ ਤੈਸੇ ਹੀ ਤੁਰਕੋਂ ਕੀ ਸੈਨਾ
ਬੇਗ ਸਿੰਘੋਂ ਕੀ ਸੇਨਾ ਕੋ ਗ੍ਰਸਤੋ ਚਲਯੋ ਆਤੋ ਹੈ । ਤੁਰਕੋਂ ਕੀ ਸੇਨਾ ਬਾਦਲੋਂ ਕੇ ਸਮਾਨ ਗੋਲੀ ਗੋਲਿਉਂ ਕੀ
ਬਰਖਾ ਕਰਤੀ ਹੂਈ ਬਢਤੀ ਚਲੀ ਆਤੀ ਹੈ । ਔ ਸਿੰਘੋਂ ਕੀ ਸੈਨਾ ਭੀ ਯੁਧ ਕਰਤੀ ਹੈ ਔ ਸਨੇ ੨ ਪੀਛੇ ਕੋ
ਹਟਤੀ ਜਾਤੀ ਹੈ । ਦੋਨੋਂ ਓਰ ਸ਼ੇ ਬੰਦੂਕੋਂ ਔ ਤੋਪੋਂ ਸੇ ਗੋਲੀ ਗੋਲਿਓਂ ਕੀ ਐਸੀ ਬਰਖਾ ਪਰੀ ਹੋਤੀ ਹੈ ਜੈ

ਪਰਲੌ ਕਾਲ ਕੇ ਮੇਘ ਬਡੇ ਸ਼ਬਦ ਕਰਕੇ ਬਡੇ ੨ ਗੜਯੋਂ ਕੀ ਬਰਖਾ ਕਰੇ ਤਦਵਤ ਦੋਨੋ ਓਰ ਸੇ ਤੋਪੋਂ ਜੰਬੂਰੇ ਜੰਜੈਲਾਂ ਬੰਦੂਕੋਂ ਕੇ ਬਡੇ ਬਲ ਸੇ ਸ਼ਬਦ ਹੋਤੇ ਹੈਂ ਔ ਗੜਿਓਂ ਕੀ ਬਰਖਾ ਹੋਤੀ ਹੈ ਔ ਮਾਰ ੨ ਸ਼ਬਦ ਦੋਨੋਂ ਓਰ ਕੀ ਸੈਨਾ ਕੇ ਸੂਰਬੀਰ ਕਹ ਰਹੇ ਹੈਂ ਔ ਆਪੋ ਅਪਨੀ ਜੀਤ ਦੋਨੋ ਸੈਨਾਪਤੀ ਚਾਹਤੇ ਹੈਂ। ਗੋਲੀ ਗੋਲਿਯੋਂ ਕੇ ਪਰਿਹਾਰ ਸੇ ਦੋਨੋ ਓਰ ਕੀ ਸੈਨਾ ਕੇ ਸੂਰਮੇ ਗਿਰਤੇ ਜਾਂਤੇ ਹੈਂ ਔ ਫ਼ੌਜ ਕੋ ਆਗੇ ਬਢਾਤੇ ਜਾਤੇ ਹੈਂ।

ਇਤਨੇ ਮੈ ਤੁਰਕੋਂ ਕੋ ਅਧਿਕ ਬਲ ਪਰ ਜਾਤੇ ਭਯੇ। ਭਲਾ ਕਹਾਂ ਚਾਰ ਹਜ਼ਾਰ ਕਹਾਂ ਤੀਨ ਲਾਖ ਅਸੀ ਹਜ਼ਾਰ। ਆਖਰ ਕੋ ਸਿੰਘ ਸਨੇ ੨ ਪੀਛੇ ਕੋ ਪਾਉਂ ਹਟਾਨੇ ਲਾਗੇ ਲੜਤੇ ਜਾਵੈ ਮਰਤੇ ਗਿਰਤੇ ਜਾਵੈ ਪੀਛੇ ਕੋ ਹਟਤੇ ਜਾਵੈ। ਜਬ ਤੁਰਕੋਂ ਕੋ ਅਧਿਕ ਬਲ ਪਰ ਗਯੇ ਤਬ ਵੋ ਚੌਬੀਸ ਤੋਪੇਂ ਖਾਲਸੇ ਕੀ ਮੈਦਾਨ ਮੈ ਰਹ ਗਈ। ਤੁਰਕੋ ਨੇ ਤੋਪਾਂ ਖੋਸਕੇ ਖਾਲਸੇ ਕੀ ਫਿਰ ਹੀ ਸਿਧੀਆਂ ਕਰ ਦਿਤੀਆਂ। ਇਤਨੇ ਮੈ ਘੜੀ ਚਾਰ ਕੁ ਦਿਨ ਚੜੇ ਪ੍ਰਯੰਤ ਹਟਤੇ ਹਟਤੇ ਬੜੀਆਂ ਤੋਪਾਂ ਕੇ ਸਮੀਪ ਆ ਜਾਤੇ ਭਏ। ਤਬ ਬੋਲੀ ਦੇ ਕੇ ਅਪਨੀ ਫੌਜ ਕੋ ਫਾੜਕੇ ਜੰਗੀ ਤੋਙੋਂ ਕੇ ਬਾਵੇ ਧਾਨੇ ਕਰ ਦੀਆ। ਜਬ ਦਸ ਕੁ ਕਦਮੋਂ ਪਰ ਤੁਰਕੋਂ ਕੀ ਸੈਨਾ ਆਇ ਗਈ ਤਬ ਤੋਪੋਂ ਕੋ ਬਤੀ ਦੇਨੇ ਕੀ ਬੋਲੀ ਜਰਨੈਲ ਨੇ ਦਈ।

ਅਤਿ ਸਮੀਪਤਾ ਸੇ ਜਬ ਤੋਪੋਂ ਕਾ ਛਰਰਾ ਤੁਰਕੋਂ ਕੀ ਸੈਨਾ ਮੈ ਲਾਗਯੋ ਤਬ ਤੁਰਕੋਂ ਕੀ ਸੈਨਾ ਕੇ ਲੋਕ ਐਸੇ ਗਿਰ ਜਾਤੇ ਭਏ ਜੈਸੇ ਕਾਛੀ ਮੁੰਗਰੀ ਮਾਰ ਕੇ ਪਕੇ ਹੂਏ ਤੂਤ ਗਿਰਾਇ ਦੇਤੇ ਹੈ। ਕੋਸੋਂ ਪ੍ਰਯੰਤ ਵੇਹਲ ਹੋ ਜਾਤੀ ਭਈ। ਗਲੀਆਂ ਪਰ ਜਾਤੀਯਾਂ ਭਈਆਂ। ਫਿਰ ਤਾਤਕਾਲ ਹੀ ਤੁਰਕੋਂ ਕੀ ਸੈਨਾ ਐਸੇ ਮਿਲ-ਜਾਤੀ ਭਈ ਜੈਸੇ ਧੂਮ੍ਰ ਕੇ ਬਾਦਲ ਆਪਸ ਮੈ ਮਿਲ ਜਾਤੇ ਬਡੀ ਸੀਘ੍ਰਤਾ ਸੇ। ਪੁਨਾ ਦੂਸਰਾ ਫੈਲ ਜੰਗੀ ਤੋਪੋਂ ਕੋ ਹੋਤੇ ਭਯੋ। ਤਬ ਪ੍ਰਥਮ ਕੀ ਤਰਹ ਹਜਾਰੋਂ ਦਰ ਹਜ਼ਾਰੋਂ ਤੁਰਕ ਮਾਰੇ ਤੋਪੋਂ ਕੇ ਛਰਰੋ ਕੇ ਗਿਰ ਜਾਤੇ ਭਏ ਜੈਸੇ ਬਿਜਲੀ ਕੇ ਮਾਰੇ ਮੁਨਾਰੇ ਗਿਰ ਜਾਤੇ ਹੈਂ। ਲੋਥੋਂ ਉਪਰ ਲੋਥਾਂ ਚਢ ਜਾਤੀਆਂ ਭਈਆਂ। ਫ਼ਿਰ ਭੀ ਬੜੀ ਜਲਤੀ ਸੇ ਪਸਤੋ ਖੁਰਾਸਾਨ ਬੋਲੀ ਬੋਲਤੇ ਹੂਏ ਪਰਸਪਰ ਗਾਰੀ ਨਿਕਸਾਤੇ ਹੂਏ ਧੂਏਂ ਕੇ ਬਾਦਰੋਂ ਸਮਾਨ ਤੋਪਾਂ ਕੇ ਉਪਰ ਤੁਰਕ ਆਇ ਜਾਤੇ ਭਏ ਤੋਪਾਂ ਛੀਨਨੇ ਲੀਏ। ਪੁਨਾ ਤੀਸਰਾ ਫੈਲ ਜੰਗੀ ਤੋਪਾਂ ਕੋ ਭਯੋ। ਤਿਸ ਮੈ ਗਿਣਤੀ ਨਹੀ ਰਹੀ ਜੋ ਕਿਤਨੇ ਕੁ ਹਜਾਰ ਤੁਰਕ ਮਾਰੇ ਗਯੋ ਹੈ। ਰੁਧਰ ਕੇ ਰਣਭੂਮੀ ਮੈ ਪ੍ਰਵਾਹ ਚਲ ਪਰਯੋ। ਮਾਸਹਾਰੀ ਜੀਵ ਭੂਤ ਪਿਸਾਚ ਇੱਲਾਂ ਕਾਂਕ ਬ੍ਰਿਕ ਸਯਾਰ ਗੀਧ ਆਦਿਕ ਮਾਂਸਹਾਰਉਂ ਨੇ ਤ੍ਰਿਪਤ ਹੋ ਕੇ ਮਾਂਸ ਭੋਜਨ ਕੀਆ ਔ ਰੁਧਰ ਪਾਨ ਕੀਆ। ਔ ਆਕਾਸ ਮੈ ਸੁਰਗ ਕੀਆ ਵਰਾਗਨਾ ਬਿਬਾਨ ਦਿਬਯ ਲੀਏ ਫਿਰਤੀਆਂ ਹੈਂ। ਮਦ ਕਰਕੇ ਮਤ ਬਡੇ ਬਿਸਾਲ ਫੂਲ ਵਤ ਜਿਨਕੇ ਨੇਤ੍ਰ ਹੈਂ। ਭ੍ਰਮਰਯੋਂ ਵਤ ਸਿਆਮ ਸੁੰਦਰ ਭਰਵਟੇ ਹੈਂ। ਧਨੁਖ ਕੇ ਸਮਾਨ ਬਾਂਕੀਆਂ ਬਾਂਕੀਆਂ ਜਿਨ ਕੀ ਭੌਹਾਂ ਹੈਂ ਔ ਬਾਣੋਂ ਕੇ ਸਮ ਜਿਨਕੇ ਨੇਤ੍ਰੋਂ ਕੇ ਕਟਾਖਯ ਹੈਂ ਔ ਚੰਦ੍ਰਮਾਂ ਕੇ ਸਮਾਨ ਜਿਨਕੇ ਸੰਦਰ ਮੁਖ ਮੰਡਲ ਹੈਂ। ਸਿਆਮ ਨਾਗਨਯੋਂ ਕੇ ਸਾਵਕੇ ਸਮਾਨ ਸੁੰਦਰ ਸਯਾਮ ਕੋਮਲ ਕਪੋਲੋਂ ਪਰ ਜਿਨਕੀਆਂ ਅਲਕੈ ਲਟਕ ਰਹੀ ਹੈਂ। ਇਤਿ ਆਦਿਕ ਸੁੰਦਰ ਤਾਵਤੀਆਂ ਅਪਸਰਾ ਦਿਬਯ ਬਿਬਾਨ ਲੈ ਕੇ ਸੂਰਮੋ ਕੇ ਵਰਨੇ ਲੀਏ ਆਕਾਸ ਮੈ ਆਇ ਫਿਰੀਆਂ। ਜੋ ਸੂਰਮੇ ਜੁਧ ਕਰਕੇ ਸਨਮੁਖ ਸ਼ਸਤ੍ਰ ਪ੍ਰਹਾਰ ਕੇ ਗਿਰਤੇ ਹੈਂ। ਰਣਭੂਮੀ ਮੈ ਤਿਸ ਕੋ ਜਿਦ ੨ ਕੋ ਵਰਤਿਆ ਹੈ। ਮਾਰੂ ਬਾਜ ਰਿਹਾ ਹੈ ਔ ਸੂਰਬੀਰ ਦੋਨੋ ਸੈਨਾ ਕੇ ਮਾਰ ਮਾਰ ਸਬ ਕਰ ਰਹੇ ਹੈਂ। ਰਣਭੂਮੀ ਹੈ ਕਿ ਰੰਗਭੂਮੀ ਹੈ। ਸੂਰਮੇ ਯੁਧ ਪਰਸਪਰ ਕਰ ਰਹੇ ਹੈਂ। ਕਿ ਹੋਰੀ ਖੇਲ ਰਹੇ ਹੈਂ! ਤਹਾਂ ਰਣਭੂਮੀ ਮੈ ਡਫਮਾਲਾ ਕੇ ਸਮ ਢਾਲੋਂ ਕੇ ਸਮੂਹ ਹੈ ਬੰਦੂਕੇਂ ਪਿਚਕਾਰੀ ਕੇ ਸਮ ਹੈਂ। ਗੁਲਾਲ ਭੀ ਮਠਕੇ ਸਮ। ਬਰਛਿਓਂ ਕੇ ਪਰਹਾਰ ਹੈ। ਲੋਹੂ ਸੇ ਲਾਲ ਬਸਤ੍ਰ ਬੀਰੋਂ ਕੇ ਹੋ ਰਹੇ—ਮਾਨੋ ਹੋਰੀ ਸੀ ਖੇਲ ਰਹੇ ਹੈਂ। ਲੋਹੂ ਮਾਸ ਕੇ ਰਣਭੂਮੀ ਮੈ ਕੀਚੜ ਹੋ ਜਾਤੇ ਭਯੇ। ਸਦ ਰਹਮਤ ਹੈ ਤੁਰਕ ਬੀਰੋਂ ਕੂ ਤੋਪੋਂ ਕੇ ਪਰਹਾਰ ਸੇ ਹਜਾਰੋਂ ਦਰ ਹਜਾਰੋਂ ਮਾਰੇ ਭੀ ਗਏ ਔ ਲੋਥੋਂ ਪਰ ਲੋਥੇਂ ਚਢ ਗਈਆਂ ਹੈਂ। ਤਿਨ ਲੋਥੋਂ ਕੇ ਉਪਰ ਚਢ ੨ ਕੇ ਲੰਘ ੨ ਕੇ ਤੋਪੋਂ ਕੋ ਚਤੁਰਥ ਫੈਲ ਤੁਰਕੋਂ ਨੇ ਹੋਨੇ ਨਹੀਂ ਦੀਓ ਜੋ ਆਇ ਤੋਪੋਂ ਪਰ ਹਾਥ ਟਿਕਾਇ ਅਰਥਾਤ ਬਡੀਆਂ ਜੰਗੀ ਤੋਪਾਂ ਭੀ ਤੁਰਕੋਂ

ਨੇ ਖੋਸ ਲਈਆਂ । ਜਬ ਤੋਪੋਂ ਸੇ ਆਗੇ ਤੁਰਕ ਬਢੇ ਪੂਰਬ ਓਰ ਸੇ ਬਡੋ ਗਰਦੋ ਉਡਜੋ ਔ ਬਡੋ ਬਲ ਸੇ ਪਵਨ ਚਲਤੇ ਭਯੋ ਔ ਇਸ ਪ੍ਰਕਾਰ ਕੇ ਸ਼ਬਦ ਕੋ ਪ੍ਰਕਾਸ਼ ਹੋਤੇ ਭਯੇ ਸਜਾ ਦਾ ਅਟਕ ਦਰਿਆਓ ਲੰਘ ਕੇ ਖੜਗ ਸਿੰਘ ਵਾ ਸ਼ੇਰ ਸਿੰਘ ਆਇ ਪਹੁੰਚਯੋ ਹੈ ਫੌਜ ਲੈ ਕੇ ਔ ਬਹੁਤ ਸੇ ਸਿਘੋਂ ਕੋ ਸਾਥ ਲੈ ਕੇ ਆ ਗਿਓ ਹੈ ਔ ਇਧਰ ਸ੍ਰੀ ਗੁਰੂ ਕੇ ਪਾਂਚ ਅਸਵਾਰੋਂ ਸਹਿਤ ਹਰੀ ਪੁਸ਼ਾਕ ਪਹਰੇ ਹੂਏ ਦਰਸਨ ਭੀ ਹੋਤੇ ਭਯੋ । ਤੈਸੇ ਹੀ ਕਿਸੀ ੨ ਤੁਰਕੋਂ ਕੋ ਭੀ ਹਜੂਰ ਕੇ ਦਰਸ਼ਨ ਹੋਤੇ ਭਯੇ ।

ਇਤਨੇ ਮੈ ਸਰਦਾਰੋਂ ਸੇ ਸਰਬ ਖਾਲਸੇ ਨੇ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ । ਐਸੇ ਬਡੀ ਊਚੀ ਸੁਰ ਸੇ ਜੈਕਾਰਾ ਬੁਲਾਇਕੇ ਤਰਵਾਰੇਂ ਨਿਕਾਸ ਕੇ ਤੁਰਕੋਂ ਕੀ ਸੈਨਾ ਪਰ ਐਸੇ ਜਾਇ ਪਰੇ ਜੈਸੇ ਮ੍ਰਿਗੋਂ ਕੇ ਝੁੰਡੋਂ ਊਪਰ ਸਿੰਘ ਜਾਇ ਪਰਤੇ ਹੈਂ । ਜੈਸੇ ਕੁਲੰਗੋਂ ਕੇ ਸਮੂਹ ਪਰ ਕੂਹੀਆਂ ਜਾਇ ਪਰਤੀਆਂ ਹੈਂ । ਜੈਸੇ ਬਟੇਰੋਂ ਕੇ ਸਮੂਹ ਪਰ ਬਾਜ ਜਾਇ ਪਰਤੇ ਹੈਂ । ਜੈਸੇ ਦਛ ਪ੍ਰਜਾਪਤੀ ਪਰ ਭੀ ਭਦ੍ਰ ਜਾਇ ਪਰਿਓ ਥੇ ਔ ਜੈਸੇ ਗਰੁੜ ਸਰਪੋਂ ਪਰ ਧਾਵੇ ਕਰਤੇ ਹੈ, ਤੈਸੇ ਸਿੰਘ ਤੁਰਕੋਂ ਪਰ ਬਲ ਸੇ ਹਲਾ ਕਰਕੇ ਜਾਇ ਪਰੇ । ਜੈਸੇ ਦੋਨੋ ਓਰ ਸੇ ਸਿਆਮ ਘਟਾ ਬਾਦਲੋਂ ਕੀ ਆਪਸ ਮੈਂ ਮਿਲ ਜਾਤੀਆਂ ਹੈਂ ਤੈਸੇ ਸਿੰਘੋਂ ਔ ਤੁਰਕੋਂ ਕੀ ਸੈਨਾ ਪਰਸਪਰ ਮਿਲ ਜਾਤੀ ਭਈ । ਔ ਬਿਜਲੀਓਂ ਕੇ ਸਮਾਨ ਤੇਗਾਂ ਬਰਛੀਆਂ ਨੰਗੀਆਂ ਚਮਕ ਰਹੀ ਹੈਂ । ਬਡੀਆਂ ਲੰਮੀਆਂ ਲੰਮੀਆਂ ਭੁਜਾਂ ਉਲਾਰ ੨ ਕੇ ਵਾਰੋ ਵਾਰੀ ਵੰਗਾਰ ੨ ਕੇ ਤੇਗਾਂ ਬਰਛੀਆਂ ਸੂਰਮੇ ਵਾਹਤੇ ਹੈਂ ।

ਤਿਸ ਸਮੈ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੋ ਦਰਸ਼ਨ ਬਹੁਤੇ ਸਿੰਘੋਂ ਕੋ ਹੋਤੇ ਭਏ । ਮਹਾਰਾਜ ਆਪ ਸਬਜ ਘੋੜੇ ਊਪਰ ਅਸ੍ਵਾਰ ਹੈ । ਸਫੇਦ ਦਾੜ੍ਹਾ ਹੈ । ਸਬਜ ਪੁਸ਼ਾਕ ਪਹਿਰੀ ਹੂਈ ਹੈ ਔ ਸਬਜ ਹੀ ਨੇਜੇ ਹਾਥ ਮੈ ਹੈ । ਸੁਰਮਈ ਾਣੇ ਵਾਲੀ ਸ਼ਹੀਦੋਂ ਸਿੰਘੋਂ ਕੀ ਸੈਨਾ ਸਾਥ ਮੈ ਹੈ । ਔ ਤੁਰਕੋਂ ਕੂ ਮਾਰ ਰਹੇ ਹੈਂ ।

ਚਾਰ ਕੁ ਘੜੀ ਪ੍ਰਯੰਤ ਸਾਰ ਸੇ ਸਾਰ ਬਾਜਤੇ ਭਯੇ । ਬਾਣ ਬਰਛੀ ਤਰਵਾਰੇ ਨੰਗੀਆਂ ਸੂਰਮੋਂ ਕੇ ਹਾਥੋਂ ਮੇਂ ਕਠੀਆਂ ਲਹੂ ਕੇ ਬੀਚ ਸੇ ਡੂੱਬ ਕੇ ਨਿਕਸੀਆਂ ਐਸੇ ਸੋਭਤੀਆਂ ਭਈਆਂ ਮਾਨੋਂ ਮਿਲ ਕੇ ਬਹੁਤਸੀ ਦੇਵੀਆਂ ਇਸਨਾਨ ਰ ਕੇ ਸੁਰਸਤੀ ਗੰਗਾ ਮੈ ਸੇ ਨਿਕਸੀਆਂ ਹੈਂ । ਸੂਰਬੀਰੋਂ ਕੇ ਹਾਥ ਸੇ ਵਾਹੀਆਂ ਹੁਈਆਂ ਤਰਵਾਰਾਂ ਬੀਰੋਂ ਕੇ ਸਰੀਰੋਂ ਕੋ ੇ ਸੰਜੋਇ ਤੇ ਖੋਲ ਔਪਟੀਆਂ ਕੋ ਐਸੇ ਚੀਰਤੀਆਂ ਜਾਤੀਆਂ ਹੈ ਜੈਸੇ ਕਾਂਸੀ ਮੈਂ ਕਲਵਤ੍ਰ ਸਰੀਰ ਕੇ ਦੋ ਦੋ ਟੁਕੜੇ ਰ ਕੇ ਫੈਂਕ ਦੇਤੇ ਹੈਂ ।

ਜਬ ਖੂਬ ਗਹ ਕੇ ਤਰਵਾਰ ਕੋ ਯੁਧ ਘੜੀ ਚਾਰ ਕੁ ਲੌ ਹੁਤੋ ਭਯੋ । ਲੋਥੋਂ ਊਪਰ ਲੋਥੋਂ ਚਢ ਜਾਤੀ ਭਈ ਤੁਰਕੋਂ ਕੇ ਮੁਖ ਮੁੜ ਗਏ । ਜਬ ਤੁਰਕੋਂ ਕੇ ਪਾਉਂ ਖਿਸਕਿਓ ਤਬ ਸਿੰਘੋਂ ਕੋ ਮਨ ਬਢ ਗਿਓ । ਤਬ ਖੂਬ ਤੁਰਕੋਂ ਊਪਰ ਤਰਵਾਰੋਂ ਕੀ ਝਾਰ ਕਰੀ । ਭਾਗਤੇ ਹੁਏ ਮਾਰੀ ਤੇ ਜਾਤੇ ਹੈਂ ਪੀਛੇ ਕੋ ਮੁਖ ਕਰਕੇ ਝਾਕਤੇ ਭੀ ੀਂ ਹੈਂ । ਊਪਰ ਨੀਚੇ ਮਾਰੇ ਸਿੰਘੋਂ ਕੇ ਡਰ ਕੇ ਗਿਰਤੇ ਪਰਤੇ ਚਲ ਜਾਤੇ ਹੈਂ । ਕਾਹੂੰ ਭੀ ਤੁਰਕੋਂ ਕੇ ਪਾਉਂ ਕਤੇ ਨ ਭਯੋ ਅਠਾਰਾਂ ਬੀਸ ਕੋਸ ਪ੍ਰਯੰਤ ਭਾਗਤੇ ਹੀ ਚਲੇ ਗਏ । ਤੁਰਕੋਂ ਕੇ ਊਪਰ ਇੰਦਰ ਕੇ ਬੱਜਰ ਕੇ ਾਨ ਸਿੰਘੋਂ ਕੀ ਤਰਵਾਰ ਪਾਰ ਜਾਤੀ ਭਈ । ਮਰਦੋਂ ਔ ਘੋੜਿਓਂ ਪਰ ਕਾਲ ਰਾਤ੍ਰੀ ਸਮ ਵਿਧਾਨ ਰਾਤ ਵਿਹਾਤੀ ੀ । ਰਸਤਯੋਂ ਮੇਂ ਬਨੋਂ ਮੇਂ ਪਰਬਤੋਂ ਕੀ ਕੰਦਰੋਂ ਮੇਂ ਖਡੋਂ ਮੇਂ ਦਰਿਆਉਂ ਮੇਂ ਜਿਸ ਓਰ ਦੇਖੋ ਤਿਸੀ ਓਰ ਤੁਰਕੋਂ ਮੁਰਦੇ ਹੀ ਪਰੇ ਹੈਂ । ਪ੍ਰਾਤਹ ਕਾਲ ਸੇ ਖਾਲਸਾ ਜਿਉਂ ਤੁਰਕੋਂ ਕੀ ਫੌਜ ਕੋ ਕਾਟਨੇ ਲਾਗੇ ਹੈ ਖੇਤੀ ਕੀ ਨਿਆਈਂ ਧ ਰਾਤ੍ਰੀ ਪ੍ਰਯੰਤ ਕ੍ਰਿਸਾਨ ਵਤ ਕਾਟਤੇ ਹੀ ਚਲੇ ਗਯੇ । ਬਡੀ ਭਾਰੀ ਫਤਹ ਪਾਈ । ਅਰਧ ਰਾਤ੍ਰੀ ਕੋ ਜੀਤ ਕੇ ਲ ਜਾਇ ਬਜਤੇ ਭਯੇ । ਬਾਜ਼ਾਰੋਂ ਮੈ ਪਰਬਤੋਂ ਪਰ ਦਰਿਆਉਂ ਮੈ ਨਾਲੋਂ ਕੇ ਬੀਚ ਖਡੋਂ ਕੇ ਬੀਚ ਰਸਤੋਂ ਪਰ ਜਹਾਂ ਂ ਤੁਰਕ ਹੀ ਤੁਰਕ ਮਾਰੇ ਪਰੇ ਹੈ । ਨਾ ਜਾਨੇ ਕੌਨ ਮਾਰ ਗਿਓ ਹੈ । ਤੁਰਕੋਂ ਕੋ ਤਰਵਾਰੋਂ ਸੇ ਮਾਰਤੇ ਮਾਰਤੇ ਸਿਖੋਂ

ਕੇ ਹਾਥ ਸੂਜ ਕੇ ਤਰਵਾਰੋਂ ਕੀ ਮੁਠੋਂ ਮੈਂ ਫਸ ਜਾਤੇ ਭਏ। ਔ ਲੂਟ ਭੀ ਬੜੀ ਭਾਰੀ ਸਿਖੋਂ ਨੇ ਲੂਟੀ। ਏਕ ਏਕ ਸਿੰਘ ਮਾਲ ਕੇ ਭਰੇ ਹੂਏ ਪਚਾਸ ਕੋਈ ਪਚੀਸ ਕੋਈ ਦਸ ਬੀਸ ਤੀਸ ਊਠ ਲੂਟ ਕੇ ਲਾਤੇ ਭਯੋ। ਦਿਨ ਚੜੇ ਤੁਰਕੋਂ ਕੋ ਮਾਰ ਕੂਟ ਕੂਟ ਕੇ ਸਿੰਘ ਅਪਨੇ ਡੇਰੇ ਮੈ ਆਵਤੇ ਭਏ। ਔ ਜੌਨ ਸੋ ਤੁਰਕੋਂ ਕੋ ਬਡੋ ਔਲਯਾਉ ਗੋਦੜਯੋ ਤੁਰਕ ਥੇ ਸੋ ਚਾਰ ਕੁ ਹਜਾਰ ਤੁਰਕ ਸਾਥ ਲੇ ਕੇ ਸੈਦੂ ਗ੍ਰਾਮ ਮੈ ਆਕੀ ਸਿੰਘੋਂ ਸੇ ਹੋ ਕੇ ਬੈਠ ਜਾਤੇ ਭਏ। ਜੇ ਉਸ ਕੋ ਐਸੀ ਖਬਰ ਹੋਵੇ ਜੋ ਸਿਖ ਸਾਰੇ ਹੀ ਤੁਰਕੋਂ ਕੇ ਫੌਜ ਕੇ ਪੀਛੇ ਪੀਛੇ ਲਾਗੇ ਗਏ ਹੈ ਤਬ ਉਠ ਕੇ ਪੀਛੇ ਸਿੰਘੋਂ ਕੇ ਡੇਰੇ ਕੋ ਲੂਟ ਕੂਟ ਲੇਤੇ ਪਰੰਤੂ ਤਿਸ ਕੋ ਇਸ ਬਾਤ ਕੀ ਖਬਰ ਹੀ ਨ ਪਰੀ। ਅਪਣੇ ਜੀਆ ਭਿਆਨੇ ਸੈਦੂ ਗ੍ਰਾਮ ਮੈ ਲੁਕ ਕੇ ਬੈਠੇ ਰਹਓ।

ਇਸ ਓਰ ਗਿਦੜ ਗਲੀ ਮੈ ਪੈਂਤੀਸ ਹਜਾਰ ਤੁਰਕ ਜੋ ਗਲੇ ਕੋ ਰੋਕੀ ਬੈਠੇ ਥੇ ਸੋ ਭੀ ਸ੍ਰੀ ਗੁਰੂ ਜੀ ਕੀ ਕ੍ਰਿਪਾ ਦ੍ਰਿਸ਼ਟੀ ਸੇ ਭੈਭੀਤ ਹੋ ਕੇ ਭਾਗ ਗਏ। ਓਧਰ ਸਰਦਾਰ ਰਣਜੀਤ ਸਿੰਘ ਨੇ ਸੁਣਿਆ ਕਿ ਤੁਰਕ ਭਾਗ ਗਏ ਹੈ ' ਔ ਸਿੰਘੋਂ ਨੇ ਜੀਤ ਪਾਈ ਹੈ ਬਡੀ ਭਾਰੀ। ਉਸੀ ਵਕਤ ਸਰਕਾਰ ਨੇ ਪਾਂਚ ਸੈ ਰੁਪਿਆ ਰੋਕ ਤੇ ਪਾਂਚ ਸੈ ਕਾ ਕੜਾਹ ਪ੍ਰਸਾਦਿ ਸੁਖ ਕੇ ਗੁਰ ਦਰਿਆਓ ਕਾ ਔ ਕਿਤਨੇਕ ਥਾਲ ਪਤਾਸਿਆਂ ਕੇ ਸਣੇ ਰੁਪੈ ਗੁਰੂ ਦਰਿਆਉ ਕੀ ਭੇਟਾ ਕਰਕੇ ਪ੍ਰਥਮ ਬਜਾਰਾ ਵਾਲੇ ਪੜਨ ਸਿੰਧੁ ਗੰਗਾ ਕੇ ਬੀਚ ਅਪਨਾ ਘੋੜਾ ਮਧਯ ਮੈ ਖੜੇ ਕਰ ਕੈ ਹੁਕਮ ਦੀਆ ਕਿ ਇਸੀ ਵਕਤ ਹਮਾਰੀ ਸਭ ਸੈਨਾ ਗੰਗਾ ਸੇ ਪਾਰ ਹੋ ਜਾਵੇ।

ਬਸ ਕਹੂੰ ਗਿਟੇ ਕਹੂੰ ਗੋਡੇ ਪ੍ਰਯੰਤ ਜਲ ਸਭ ਕੇ ਆਵਤੇ ਭਏ। ਊਠ ਘੋੜਾ ਹਾਥੀ ਭੇਡੋਂ ਪ੍ਰਯੰਤ ਸਰਬ ਸਰਕਾਰ ਕੀ ਸੈਨਾ ਜਬ ਪਾਰ ਹੋ ਗਈ ਤਬ ਸਰਕਾਰ ਨੇ ਸਭ ਸੇ ਪੀਛੇ ਅਪਨੇ ਘੋੜੇ ਗੰਗਾ ਸੇ ਪਾਰ ਕੀਓ। ਪਚਾਸ ਹਜਾਰ ਫੌਜ ਊਠ ਭੇਡ ਪਾਰ ਉਤਾਰ ਕੇ। ਇਸੀ ਤੌਰ ਸੇ ਦੂਸਰੇ ਭੀ ਦਰਿਆਓ ਲੰਘ ਕੇ ਸੈਦੂ ਮੈ ਆਵਤੇ ਭਏ। ਤਹਾਂ ਸਾਰੇ ਸਰਦਾਰ ਸਰਕਾਰ ਕੋ ਆਗੇ ਲੇਨੇ ਕੋ ਗਏ। ਆਪਸ ਮੈ ਮਿਲ ਕੇ ਬਡੇ ਪ੍ਰਸੰਨ ਹੋਤੇ ਭਏ। ਪੁਨਾ ਸਭਾ ਲਗਾਇਕੇ ਸਭਨਾਂ ਸਰਦਾਰਾਂ ਕੋ ਰਾਜਾ ਧਿਰਾਜ ਰਣਜੀਤ ਸਿੰਘ ਬਡੇ ਬਡੇ ਇਨਾਮ ਦੇਤੇ ਭਏ। ਬਡੀਆਂ ਜਗੀਰਾਂ ਸਰਦਾਰੋਂ ਕੋ ਬਖਸ਼ਤੇ ਭਏ ਔ ਤਰਵਾਰੋਂ ਕੀ ਮੁਠੋਂ ਮੇਂ ਫਸੇ ਹੂਏ ਸਿੰਘੋਂ ਕੇ ਹਾਥੋਂ ਕੋ ਚੂਮਤੇ ਭਏ ਔ ਕਹਤੇ ਭਏ ਧਨ ਹੋ ਤੁਮ ਜਿਨੋ ਨੇ ਅਪਨੇ ਪ੍ਰਾਣ ਹੋਮ ਕੇ ਹਿੰਦ ਧਰਮ ਕੀ ਲਾਜ ਰਖ ਦਿਖਾਈ ਹੈ। ਬਡੀ ਫਤਹ ਤੁਮ ਨੇ ਪਾਈ ਹੈ। ਸਦ ਰਹਮਤ ਹੈ ਤੁਮਾਰੇ ਮਾਤਾ ਪਿਤਾ ਕੋ ਸਦਾ ਸਦਾ ਸਦ ਰਹਮਤ ਹੈ ਤੁਮਾਰੇ ਕੋ ਧਨ ਹੋ ਤੁਮ।

ਐਸੇ ਸਰਕਾਰ ਕੇ ਮੁਖ ਸੇ ਅਪਨੇ ਧਨਵਾਦ ਕੇ ਵਚਨ ਸੁਨ ਕੇ ਸਾਰੇ ਸਰਦਾਰੋਂ ਨੇ ਹਾਥ ਜੋੜ ਕੇ ਕਹਾ ਮਹਾਰਾਜ ਹਮ ਕਿਆ ਧਨ ਹੈਂ ਧਨ ਗੁਰੂ ਸਾਹਿਬ ਜੀ ਹੈ ਸਬਜ ਘੋੜੇ ਪਰ ਚੜੇ ਹੂਏ ਸਬਜ਼ ਹੀ ਪੁਸ਼ਾਕ ਵਾਰੇ ਜੋ ਤੁਰਕੋਂ ਕੋ ਮਾਰਤੇ ਫਿਰਿਓ ਹੈ ਔ ਯਸ਼ ਹਮ ਕੋ ਦੀਓ ਹੈ। ਭਲੇ ਕਹੋ ਤੋ ਬਣੋਂ ਮੈ ਕੂੰਜੋਂ ਮੈ ਖਡੋਂ ਮੈ ਪਹਾੜੋ ਕੇ ਊਪਰ ਦਰਿਆਓਂ ਮੈ ਨਦੀ ਨਾਲੋਂ ਮੈ ਹਮ ਕਹਾਂ ਤੁਰਕੋਂ ਕੋ ਮਾਰਨੇ ਗਏ ਹੈ। ਚਾਰ ਲਾਖ ਤੁਰਕ ਕਹਾਂ ਔ ਕਹਾਂ ਦਸ ਹਜਾਰ ਉਨ ਕੇ ਆਗੇ ਆਟੇ ਮੈ ਲੂਨ ਸਮ ਭੀ ਨਹੀਂ ਥੇ। ਯੇ ਸਭ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੀ ਮਾਇਆ ਹੈ। ਜੈਸੇ ਸ੍ਰੀ ਕ੍ਰਿਸ਼ਨ ਜੀ ਸੇ ਮਹਾਭਾਰਥ ਕੇ ਜੁਧ ਮੈ ਅਰਜਨ ਨੇ ਕਹਿਓ ਹੈ। ਹੇ ਭਗਵਨ ਯੇ ਦੇਖੀਏ ਤ੍ਰਿਸੂਲ ਹਾਥ ਮੈ ਲੀਏ ਹੂਏ ਹੈ ਅਗਨੀ ਕੇ ਸਮਾਨ ਵਰਣ ਵਾਰੇ ਬਡੇ ਤੇਜਸ੍ਵੀ ਸਿਰ ਪਰ ਅਗਨੀ ਮੈ ਸੁਵਰਣ ਵਤ ਜਟਾਕੇ ਜੂਟ ਧਾਰਣ ਕੀਏ ਹੂਏ ਮੇਰੇ ਰਥ ਕੇ ਆਗੇ ਸਤਰੂਆਂ ਕੀ ਸੈਨਾ ਕੂੰ ਮਾਰਤੇ ਫਿਰਤੇ ਹੈ ਔ ਨਾਮ ਮੇਰੋ ਕਰਤੇ ਹੈ। ਤੈਸੇ ਹੀ ਤੁਰਕੋਂ ਕੀ ਸੈਨਾ ਕੋ ਮਾਰ ਕੇ ਯਸ ਹਮ ਕੋ ਦੀਓ ਹੈ।

ਐਸੇ ਸੰਘੋਂ ਕੇ ਵਚਨ ਸੁਨ ਕੇ ਸਰਕਾਰ ਰਣਜੀਤ ਸਿੰਘ ਨੇ ਭੀ ਊਨੇ ਸਾਹਿਬ ਕੀ ਓਰ ਮੁਖ ਕਰਕੇ ਧਨ ਸ੍ਰੀ ਗੁਰੂ ਸਾਹਿਬ ਸਿੰਘ ਹੈ। ਐਸੇ ਕਹਕੇ ਦੋਨੋ ਹਾਥ ਜੋੜ ਕੇ ਮਥਾ ਟੇਕਤੇ ਭਏ।

ਉਧਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਭੀ ਅਪਨੇ ਸਰੀਰ ਮੈ ਪ੍ਰਵੇਸ਼ ਕਰ ਕੇ ਇਸਨਾਨ ਦਾਨ ਆਦਿਕ ਕਰਮ ਤੀਥੇ ਦਿਨ ਬਾਦ ਪੁਨਾ ਕਰਤੇ ਭਏ। ਇਹ ਬਾਤ ਕਿਸੀ ਕਿਸੀ ਪ੍ਰੇਮੀ ਸਿਖ ਨੇ ਜਾਨੀ ਔ ਕਿਸੀ ਨੇ ਨਹੀਂ ਜਾਨੀ।

ਦੋਹਿਰਾ ॥ ਤੁਰਕ ਤੇਜ ਕੋ ਨਾਸ ਕਰ ਦੈ ਦਾਸਨ ਅਭੀਤ।
ਸਵ ਅਸਥਾਨ ਆਏ ਪ੍ਰਭੂ ਦੇ ਸਿੰਘਨ ਨਿਜ ਕੋ ਜੀਤ।

(ਇਤੀ ਸ੍ਰੀ ਬੀਰ ਪ ਚਤੁਰ ਦਸੋ ਅਧਯਾਯ)

# ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਪਵਿਤਰ ਚਰਨਾਂ ਵਿਚ ਬੇਨਤੀ

(ਵੱਲੋਂ—ਬੀਰ ਸਿੰਘ ''ਬੀਰ'' ਦਾਖਾ ਨਿਵਾਸੀ)

ਸੱਚ ਖੰਡ ਵਿਚੋਂ ਧੁਨੀ ਵਾਜਿਆਂ ਦੀ, ਔਂਦੀ ਮਧੁਰ ਤੇ ਭਰੀ ਪਿਆਰ ਬਾਬਾ।
ਖੁਸ਼ੀ ਵਿਚ ਦਿਉਤੇ ਗਦ ਗਦ ਹੋਏ, ਉਹਨਾਂ ਕੀਤਾ ਏ ਤੇਰਾ ਦੀਦਾਰ ਬਾਬਾ।
ਬਰਖਾ ਫੁੱਲਾਂ ਦੀ ਕੀਤੀ ਸਚ ਖੰਡੀਆਂ ਨੇ, ਹੋ ਰਹੀ ਐ ਤੇਰੀ ਜੈ ਜੈ ਕਾਰ ਬਾਬਾ।
ਚੰਦ ਸੂਰਜ ਨੇ ਭੀ ਤੇਰੇ ਚਰਨ ਛੂਹੇ, ਨੈਣੀਂ ਸ਼ਰਬਤੀ ਭਰਿਆ ਖੁਮਾਰ ਬਾਬਾ।
ਸੁੱਕੇ ਰੁੱਖ ਤੇ ਬਾਗ ਸਭ ਹਰੇ ਹੋਏ, ਚਰਨ ਪਾਏ ਤੁਸੀਂ ਆਈ ਬਹਾਰ ਬਾਬਾ।
ਬਰਾਜਮਾਨ ਜਿਸ ਥਾਂ ਤੇ ਤੁਸੀਂ ਹੋਏ, ਓਥੇ ਅੰਮਰਤ ਦੀ ਪੈਂਦੀ ਫੁਹਾਰ ਬਾਬਾ।
ਹੱਥ ਜੋੜ ਕੇ, ਸੀਸ ਨਿਵਾ ਕਰਕੇ, ਤੇਰੇ ਚਰਨਾਂ ਉਤੇ ਨਮਸਕਾਰ ਬਾਬਾ।
ਕਰੋ ਮੇਹਰ ਦੀ ਨਜ਼ਰ ਗਰੀਬ ਉਤੇ, ਤੁਸਾਂ ਤਾਰੇ ਨੇ ਲੱਖ ਹਜਾਰ ਬਾਬਾ।
ਅੱਜ ਮੇਰਾ ਵਿਸ਼ਵਾਸ ਪਿਆ ਡੋਲਦਾ ਏ, ਦਿਉ ਹੌਸਲਾ ਕਰੋ ਉਦਾਰ ਬਾਬਾ।
ਪੁੱਤ ਭੁੱਲ ਕਰਦੇ, ਪਿਤਾ ਗਲ ਲੈਂਦੇ, ਖਤਾ ਬਖਸ਼ ਮੇਰੀ ਬਖਸ਼ਨਹਾਰ ਬਾਬਾ।
ਗੁਰੂ ਨਾਨਕ ਦੀ ਅੰਸ ਸ਼ਾਖਸਾਤ ਨਾਨਕ, ਵੇਦੀ ਕੁੱਲ ਦੇ ਤੁਸੀਂ ਸਰਦਾਰ ਬਾਬਾ।
ਥਾਂ ਥਾਂ ਸਜਾਏ ਦੀਵਾਨ ਅਪਣੇ, ਨਾਨਕ ਮੱਤ ਦਾ ਕੀਤੇ ਪ੍ਰਚਾਰ ਬਾਬਾ।
ਸ਼ੇਰੇ ਪੰਜਾਬ ਤੇ ਹੋਰ ਅਨੇਕ ਰਾਜੇ, ਹੱਥੀਂ ਬੰਨ੍ਹੀ ਸੀ ਤੇਰੇ ਸੇਵਾਦਾਰ ਬਾਬਾ।
ਪੰਥ ਚਲਦਾ ਸੀ ਤੇਰੇ ਇਸ਼ਾਰਿਆਂ ਤੇ, ਓਦੋਂ ਪੰਥ ਦੀ ਸੀ ਜੈ ਜੈ ਕਾਰ ਬਾਬਾ।
ਅੱਜ ਤੇਰੇ ਵਿਸਾਰ ਕੇ ਹੁਕਮ ਨਾਮੇ, ਹੁੰਦਾ ਫਿਰਦਾ ਐ ਪੰਥ ਖੁਆਰ ਬਾਬਾ।
ਨਿੱਜ ਸੁਆਰਥੀ ਲਾਲਚੀ ਸਿਖ ਟੋਲੇ, ਭੁੱਲ ਬੈਠੇ ਨੇ ਤੇਰੇ ਉਪਕਾਰ ਬਾਬਾ।
ਨੌਵੇਂ ਗੁਰੂ ਵੇਲੇ ਜਿਵੇਂ ਪਖੰਡ ਰਚਕੇ, ਲੰਡੀ ਬੁੱਚੀ ਨੇ ਲਾਏ ਦਰਬਾਰ ਬਾਬਾ।
ਓਵੇਂ ਕਈ ਪਖੰਡੀ ਠੱਗ ਬਣ ਬੈਠੇ, ਸਿੱਖ ਧਰਮ ਦੇ ਅੱਜ ਠੇਕੇਦਾਰ ਬਾਬਾ।
ਬਾਹਰੋਂ ਉੱਜਲੇ ਅੰਦਰੋਂ ਘੋਰ ਕਾਲੇ, ਬੰਨ੍ਹਦੇ ਸਾਉਆਂ ਵਾਲੀ ਦਸਤਾਰ ਬਾਬਾ।
ਨਸ਼ੇ ਖਾਂਦੇ ਤੇ ਪੀਂਦੇ ਸ਼ਰਾਬ ਡੰਡੇ, ਲੈਂਦੇ ਚਿਮਟਿਆਂ ਦੀ ਝਣਕਾਰ ਬਾਬਾ।
ਪਾਪੀ ਧਰਮ ਅਸਥਾਨਾਂ ਦੀ ਓਟ ਲੈ ਕੇ, ਬਾਣੀ ਵੇਚਦੇ ਕਰਦੇ ਬਿਉਪਾਰ ਬਾਬਾ।
ਕਹਿੰਦੇ ਲੋਕਾਂ ਨੂੰ ਮਾਇਆ ਦਾ ਲੋਭ ਛੱਡੋ, ਖੁਦ ਮਾਇਆ ਦੇ ਭਰਦੇ ਭੰਡਾਰ ਬਾਬਾ।
ਕਹਿੰਦੇ ਮਾਇਆ ਨੂੰ ਅਸੀਂ ਨਹੀਂ ਹੱਥ ਲੈਂਦੇ, ਕਠੀ ਕਰਨ ਨੂੰ ਰਖੇ ਸੇਵਾਦਾਰ ਬਾਬਾ।
ਸਿਖ ਤੇਰੇ ਜੋ ਧਰਮ ਪ੍ਰਚਾਰ ਕਰਦੇ, ਏਹ ਖਾਂਦੇ ਨੇ ਉਹਨਾਂ ਤੋਂ ਖਾਰ ਬਾਬਾ।
ਜੇ ਕੋਈ ਧਰਮ ਪ੍ਰਚਾਰੀ ਏਹਨਾਂ ਕੋਲ ਜਾਂਦਾ, ਉਹਨੂੰ ਕਢਦੇ ਨੇ ਧੱਕੇ ਮਾਰ ਬਾਬਾ।
ਜੁਤੀਆਂ ਲੋਕਾਂ ਦੀਆਂ ਲੋਕਾਂ ਦੇ ਸਿਰ ਮਾਰਨ, ਅਪਣੀਆਂ ਕੋਠੀਆਂ ਲੈਂਦੇ ਉਸਾਰ ਬਾਬਾ।
ਕੌਡੀ ਖਰਚਦੇ ਨਹੀਂ ਤੇਰੇ ਨਾਉਂ ਉੱਤੇ, ਕਠਾ ਕਰਦੇ ਨੇ ਲੱਖ ਹਜ਼ਾਰ ਬਾਬਾ।
ਐਸ਼ਾਂ ਕਰਦੇ ਕੁਰੈਹਿਤੀਏ ਠੱਗ ਪਾਪੀ, ਦਸਣ ਲੋਕਾਂ ਨੂੰ ਤੇਰੇ ਸੇਵਾਦਾਰ ਬਾਬਾ।
ਆ ਦੇਹ ਹਲੂਣਾ ਪਖੰਡੀਆਂ ਨੂੰ, ਬੇਰਾਂ ਵਾਂਗੂੰ ਝੜ ਪੈਣ ਗ਼ੱਦਾਰ ਬਾਬਾ।
''ਬੀਰ'' ਢੂੰਡਦਾ ਪਿਆ ਤੇਰੇ ਆਸ਼ਕਾਂ ਨੂੰ, ਤੇਰੇ ਮਿਸ਼ਨ ਦਾ ਕਰਨੇਂ ਪ੍ਰਚਾਰ ਬਾਬਾ।

# ਸਪੁੱਤਰ ਬਣੋ-ਤੇ-ਚਾਬੀਆਂ ਸੰਭਾਲੋ

(ਗਿਆਨੀ ਕਰਤਾਰ ਸਿੰਘ ਸਰਹੱਦੀ)

ਇਹ ਕੀਟ ਜਦੋਂ ਸਿਖ ਇਤਿਹਾਸ ਦੇ ਸੁਨਹਿਰੀ ਪੰਨੇ ਫਰੋਲਦਾ ਹੈ ਤਾਂ ਦਾਸ ਨੂੰ ਉਦੋਂ ਹਰ ਪੁਰਾਤਨ ਸਿਖ ਬਜ਼ੁਰਗ "ਗੁਰਸਿਖ ਮੀਤ ਚਲਹੁ ਗੁਰ ਚਾਲੀ" ਵਾਲੀ ਅਰਸ਼ੀ ਸਿਖਿਆ ਤੇ ਚਲਦੇ ਹੋਇਆਂ ਧਾਰਮਕ, ਸਮਾਜਕ ਆਰਥਕ ਤੇ ਰਾਜਨੈਤਕ ਹਰ ਪਹਿਲੂ ਤੋਂ ਉਹ "ਚੜ੍ਹਿਆ ਸੋਧਨ ਧਰਤ ਲੋਕਾਈ" ਹੀ ਦਿਸ ਆਉਂਦਾ ਹੈ। ਉਸ ਸਮੇਂ ਅੰਦਰ ਹਰ ਸਿਖ ਦਾ ਜੀਵਨ ਨਿਸ਼ਾਨਾ ਆਪ ਪੂਰਨ ਗੁਰਸਿਖ ਬਣਦਾ ਤੇ ਹੋਰ ਸਭ ਨੂੰ ਗੁਰਸਿਖ ਸਜਾ ਕੇ ਗੁਰਦੇਵ ਪਿਤਾ ਜੀ ਦੀਆਂ ਅਰਸ਼ੀ ਖ਼ੁਸ਼ੀਆਂ ਤੇ ਰਹਿਮਤਾਂ ਨੂੰ ਪ੍ਰਾਪਤ ਕਰਨਾ ਹੀ ਸਪਸ਼ਟ ਦਿਸ ਆਉਂਦਾ ਹੈ। ਖਾਲਸਾ ਪੰਥ ਵਲੋਂ ਸਮੂਹੇ ਤੌਰ ਤੇ ਹੋ ਰਹੇ ਅਜਿਹੇ ਯਤਨਾਂ ਨੂੰ ਵੇਖ ਸੁਣ ਕੇ ਹੀ ਅੰਗਰੇਜ਼ ਲਿਖਾਰੀ ਮਿਸਟਰ ਮੈਕਾਲਫ਼ ਨੇ ਇਹ ਲਿਖਿਆ ਸੀ ਕਿ :-

"Khalsa Panth was organised to lead Humanity"

ਭਾਵ ਖਾਲਸਾ ਪੰਥ ਸਾਜਿਆ ਹੀ ਇਸ ਮੰਤਵ ਲਈ ਗਿਆ ਸੀ ਕਿ ਉਹ ਸਮੂਹ ਮਨੁਖ ਜਾਤੀ ਨੂੰ ਨਮਸਕਾਰ ਯੋਗ ੧ਓ ਸ਼ਬਦ ਅੰਦਰ ਰਖੇ ਹੋਏ ਸਿਰੋਮਨੀ ਗਿਆਨ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਵਾਲਾ ਸਰਬ-ਸੁਖਦਾਇਕ ਅਰਸ਼ੀ ਸੰਦੇਸ਼ ਸਮਝਾਉਂਦੇ ਤੇ ਦ੍ਰਿੜ੍ਹ ਕਰਾਉਂਦੇ ਹੋਇਆਂ ਸਮੂਹ ਸੰਸਾਰ ਵਿਖੇ ਸੁਖ ਤੇ ਸ਼ਾਂਤੀ ਨੂੰ ਸਥਾਪਨ ਕਰੇ। ਤੇ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਸਾਡੇ ਉਨ੍ਹਾਂ ਪੁਰਾਤਨ ਸਿਖ ਬਜ਼ੁਰਗਾਂ ਨੇ ਕਠਨ ਤੋਂ ਕਠਨ ਘਾਲਨਾਵਾਂ ਨੂੰ ਘਾਲਣ ਪਿਛੋਂ ਉਸ ਭਿਆਨਕ ਕਿਸਮ ਦੇ ਅੰਧ ਘੋਰ ਸਮੇਂ ਅੰਦਰ "ਮਿਟੀ ਧੁੰਧ ਜਗ ਚਾਨਣ ਹੋਆ" ਨੂੰ ਪ੍ਰਤੱਖ ਰੂਪ ਵਿਚ ਸੱਚ ਹੋਇਆ ਕਰਕੇ ਵਿਖਾ ਦਿਤਾ। ਸੰਸਾਰ ਨੇ ਅਨਹੋਣੀ ਕਹੀ ਜਾਣ ਵਾਲੀ ਗਲ ਨੂੰ ਉਦੋਂ ਹੋਂਦ ਵਿਚ ਆਈ ਇਕ ਪ੍ਰਤੱਖ ਕਰਾਮਾਤ ਡਿਠੀ ਜਦੋਂ ਕਿ ਸਦੀਆਂ ਤੋਂ ਅਸਹਿ ਤੇ ਅਕਹਿ ਦੁਖਾਂ ਤੇ ਕਲੇਸ਼ਾਂ ਵਿਚ ਤਰਾਹ ਤਰਾਹ ਕਰ ਰਹੇ ਭਾਰਤ ਵਾਸੀਆਂ ਨੂੰ ਇਕ ਵਾਰ ਫਿਰ ਤਖਤ ਤੇ ਬਖਤ ਦਾ ਵਾਲੀ ਬਣਾ ਦਿਤਾ ਗਿਆ। ਅਜਿਹੇ ਹੋਏ ਦੈਵੀ ਪ੍ਰੀ-ਵਰਤਨ ਨੂੰ ਵੇਖ ਕੇ ਹੀ ਸ੍ਰੀ ਭਾਈ ਗੁਰਦਾਸ ਸਾਹਿਬ ਜੀ ਦੂਜੇ ਨੇ ਕਿਸੇ ਅਗੰਮੀ ਵਜਦ ਵਿਚ ਆਏ ਹੋਇਆਂ ਇਹ ਲਿਖਿਆ ਸੀ ਕਿ :

"ਤਬ ਸਭ ਤੁਰਕਨ ਕਉ ਛੇਦ ਕਰ ਅਕਾਲ ਜਪਾਏ।
ਸਭ ਛੱਤ੍ਰ ਪਤੀ ਚੁਨ ਚੁਨ ਹਤੇ ਕਹੂੰ ਟਿਕਨ ਨ ਪਾਏ......
ਇਉਂ ਫ਼ਤੇ ਭਈ ਜਗ ਜੀਤ ਕਰ ਸਚ ਤਖਤ ਰਚਾਏ।
ਬਹੁ ਦੀਓ ਦਿਲਾਸਾ ਜਗਤ ਕੋ ਹਰਿ ਭਗਤਿ ਦਿੜਾਏ॥
ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ॥
ਫਿਰ ਹੋਇ ਨਿਹਚਲ ਬਖਸਿਓ ਜਗਤ ਮੈਂ ਤ੍ਰਾਸ ਚੁਕਾਏ॥"

(ਸ੍ਰੀ ਭਾਈ ਗੁਰਦਾਸ ਸਾਹਿਬ ਜੀ ਦੂਜੇ)

ਪਰ ਉਪ੍ਰੋਕਤ ਮਿਠਾ ਤੇ ਪ੍ਰੇਮ ਸੁਖਦਾਈ ਸਿੱਟਾ ਕੇਵਲ ਖਾਲਸਾ ਪੰਥ ਦੇ ਸਵਾਰਥ ਰਹਿਤ ਰਹਿੰਦੇ ਹੋਇਆਂ ਆਪਸ ਵਿਚ ਏਕਤਾ, ਸੰਘਠਨ ਤੇ ਇਤਫ਼ਾਕ ਵਿਚ ਜੀਵਨ ਬਤੀਤ ਕਰਨ ਦਾ ਹੀ ਸਦਕਾ ਸੀ। ਉਦੋਂ ਕਿਸੇ ਇਕ ਵੀ ਸਿਖ ਨੂੰ ਅਪਨੇ ਨਿਜ ਲਈ ਮਹਿਲ ਮਾੜੀਆਂ, ਜਾਗੀਰਾਂ ਜਾਂ ਨਵਾਬੀਆਂ (ਸਰਕਾਰੀ ਕੁਰਸੀਆਂ) ਆਦਿ ਦੀ ਭੁਲ ਕੇ ਵੀ ਤਾਂਘ ਨਹੀਂ ਸੀ ਹੁੰਦੀ। ਉਦੋਂ ਹਰ ਗੁਰਸਿਖ ਦਾ ਮੁਖ ਨਿਸ਼ਾਨਾ ਗੁਰੂ ਹੁਕਮਾਂ ਅਨੁਸਾਰ ਸਮੂਹ ਮਾਨਵ ਜਾਤੀ ਨੂੰ ਕੇਵਲ ਇਕ ਨਿਰੰਕਾਰ ੧ਓ ਜੀ ਦੇ ਲੜ ਲਾ ਕੇ ਸਭ ਨੂੰ ਸੁਖੀ ਤੇ ਉਨਤ ਹੋਇਆ ਵੇਖਣਾ ਹੀ ਹੁੰਦਾ ਸੀ। ਇਹ ਕੁਝ

ਕਰਦੇ ਹੋਏ ਉਹ ਆਪ ਵੀ ਵਧ ਤੋਂ ਵਧ ਉੱਨਤ ਹੋਏ ਤੇ ਸੰਸਾਰ ਨੂੰ ਵੀ ਹਰ ਪਖੋਂ ਸੁਖੀ ਕਰਨ ਦੇ ਭਾਗੀ ਬਣੇ ।

"ਫਿਰ ਸੁਖ ਉਪਜਾਏ ਜਗਤ ਮੈਂ ਸਭ ਦੁਖ ਬਿਸਰਾਏ ॥
ਨਿਜ ਦੋਹੀ ਫਿਰੀ ਗੁਬਿੰਦ ਕੀ ਅਕਾਲ ਜਪਾਏ ॥
ਤਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ ।
ਇਉਂ ਕਲਿਜੁਗ ਮੈ ਅਵਤਾਰ ਧਾਰਿ ਸਤਿਜੁਗ ਵਰਤਾਏ ॥"

(ਸ੍ਰੀ ਭਾਈ ਗੁਰਦਾਸ ਸਾਹਿਬ ਜੀ ਦੂਜੇ)

ਪਰ ਉਪ੍ਰੋਕਤ ਜ਼ਾਹਿਰਾ ਕਰਾਮਾਤ ਨੂੰ ਕਰ ਵਿਖਾਉਣ ਦਾ ਭੇਦ ਉਸ ਇਕੋ ਹੀ ਸਿਖਿਆ ਅੰਦਰ ਛੁਪਿਆ ਹੋਇਆ ਸੀ ਜਿਹੜੀ ਕਿ ਉਹਨਾਂ ਵਡ ਭਾਗੀਆਂ ਨੂੰ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਿ ਵਿਚ ਹ ਸਮਝਾ ਦਿਤਾ ਸੀ ਕਿ ਦੇਖੋ ਬੇਟਾ :

"ਇਹਾ ਮਤਿ ਸਬਦੁ ਹੈ ਸਾਰੁ । ਵਿਚਿ ਦੁਬਿਧਾ ਮਾਥੇ ਪਵੈ ਛਾਰੁ ॥" (ਪ੍ਰਭਾਤੀ ਮਹਲਾ ੧)

ਜਦੋਂ ਤਕ ਪਿਆਰੇ ਪੰਥ ਨੇ ਅਪਨੇ ਗੁਰਦੇਵ ਪਿਤਾ ਜੀ ਦੀ ਉਪਰੋਕਤ ਸਿਖਿਆ ਨੂੰ ਘੁਟ ਕੇ ਪੱਲੇ ਨਾ ਬੰਨ੍ਹੀ ਰਖਿਆ ਉਦੋਂ ਤਕ ਉਹ ਵਧ ਤੋਂ ਵਧ ਪ੍ਰਫੁਲਤ ਹੋ ਕੇ ਐਸ਼ਵਰਜ ਨੂੰ ਪ੍ਰਾਪਤ ਹੁੰਦਾ ਚਲਿਆ ਗਿਆ । ਤੇ ਹ ਪਾਸੇ ਗੁਰੂ ਨਾਨਕ ਫੁਲਵਾੜੀ ਵਧਦੀ ਫੁਲਦੀ ਹੀ ਤੁਰੀ ਚਲੀ ਗਈ । ਪਰ ਅਜ ਹਾਲਤ ਕੀ ਹੈ ? ਨਾ ਰਾਜ, ਨਾ ਮਾ ਨਾ ਤਖ਼ਤ, ਨਾ ਭਾਗ, ਨਾ ਸਿਖੀ, ਨਾ ਸਮਾਜ, ਸਭ ਪਾਸੇ ਨਿਰਾਸਾ ਹੀ ਨਿਰਾਸਾ ਤੇ ਹਨੇਰਾ ਹੀ ਹਨੇਰਾ ਦਿਸ ਰਿਹਾ ਹੈ ਪੰਥ ਦੀ ਹੋਈ ਇਹੋ ਜੇਹੀ ਤਰਸ ਯੋਗ ਦਸ਼ਾ ਨੂੰ ਦੇਖ ਦੇਖ ਦਿਲ ਦੁਖਦਾ ਤੇ ਆਹਾਂ ਬਾਹਰ ਨੂੰ ਆਉਂਦੀਆਂ ਹਨ ਕਾਰਨ ਕੇਵਲ ਸਾਡੀ ਆਪਸ ਵਿਚ ਦੀ ਦੁਬਿਧਾ, ਨਾਇਤਫ਼ਾਕੀ ਤੇ ਨਿਜੀ ਸਵਾਰਥ-ਸਿਧੀ ਹੀ ਹੈ । ਸਿਖੀ ਵਿ ਵਾਧਾ ਹੋਣਾ ਜਾਂ ਰਾਜਸੀ ਗੱਦੀਆਂ ਨੂੰ ਪ੍ਰਾਪਤ ਕਰਨਾ ਤਾਂ ਇਕ ਪਾਸੇ ਰਿਹਾ ਅਜ ਸਾਡੇ ਹਜ਼ਾਰਾਂ ਸਿਖ ਹੋਣਹਾਰ ਬ ਨਿਤ ਪ੍ਰਤਿ ਸਾਡੀ ਆਪਣੀ ਹੀ ਕੁਟਲ ਨੀਤੀ ਤੇ ਘਟ ਦੂਰ ਦ੍ਰਿਸ਼ਟੀ ਸਦਕਾ ਸਿਖੀ ਵਲੋਂ ਬੇਮੁਖ ਹੋ ਕੇ ਪਤਿਤ ਹੁੰਦੇ ਚ ਜਾ ਰਹੇ ਹਨ । ਜਿਹੜੇ ਸਿਖੀ ਰੂਪ ਵਿਚ ਹਨ ਵੀ ਉਨ੍ਹਾਂ ਵਿਚੋਂ ਬਹੁ ਗਿਣਤੀ ਸ਼ਰਧਾ ਤੇ ਵਿਸ਼ਵਾਸ ਬਿਹੂਨੀ ਹੋ ਚੁ ਹੈ । ਵੀਰ ਦੂਜੇ ਵੀਰ ਦੀ ਹੇਠੀ ਕਰਨ ਦੇ ਪਿਛੇ ਪਿਆ ਹੋਇਆ ਹੈ । ਤੇ ਇੰਜ ਸਿਖੀ ਰਿਸਾਤਲ ਨੂੰ ਤੁਰੀ ਚਲੀ ਰਹੀ ਹੈ ।

ਪਿਆਰੇ ਪੰਥ ਦੀ ਹੋਈ ਉਪ੍ਰੋਕਤ ਕਿਸਮ ਦੀ ਤਰਸ ਯੋਗ ਤੇ ਢਹਿੰਦੀ ਕਲਾ ਦਾ ਕਾਰਨ ਜੋ ਇਹ ਕੀਟ ਲ ਸਕਿਆ ਹੈ ਉਹ ਇਹ ਹੈ ਕਿ ਸਾਡਾ ਧਰਮ ਪ੍ਰਚਾਰ ਸਿਸਟਮ ਪੂਰਨ ਤੌਰ ਤੇ "ਜੁਗਤ ਵਿਹੂਣਾ" ਹੋ ਚੁਕਿਆ ਹੈ । "ਜੁਗਤ ਵਿਹੂਣਾ ਵਿਕਹੁ ਜਾਇ" ਵਾਲੀ ਅਰਸ਼ੀ ਸਿਖਿਆ ਨੂੰ ਧਿਆਨ ਵਿਚ ਨਾ ਰਖਦੇ ਹੋਇਆਂ ਅਸੀਂ ਗਲੀਆਂ ਕੱਖਾਂ ਤੋਂ ਵੀ ਹੌਲੇ ਹੋ ਗਏ ਹਾਂ । ਨਤੀਜਾ ਇਹ ਹੋਇਆ ਹੈ ਕਿ ਅਜ ਅਸੀਂ ਕੌਡਾਂ ਦੇ ਭਾ ਵਿਕ ਰਹੇ ਹਾਂ । ਸਾਡ ਧਾਰਮਕ, ਸਮਾਜਕ, ਆਰਥਕ ਜਾਂ ਰਾਜਨੈਤਿਕ ਕੋਈ ਵੀ ਕਰਮ ਸਤਿਗੁਰੂ ਸਾਹਿਬਾਨ ਜੀ ਦੀ ਸਮਝਾਈ ਹੋਈ ਜੁਗਤ ਅਨੁਸਾਰ ਨਹੀਂ ਹੋ ਰਿਹਾ । ਅਸੀਂ ਆ-ਮੁਹਾਰੇ ਭਾਵ ਮਨ ਦੀ ਮਰਜ਼ੀ ਦੇ ਕਰਨ ਵਾਲੇ ਮੂੰਹ-ਜ਼ੋਰ ਹੋ ਚੁਕੇ ਹਾਂ । ਸਾ ਗੁਰਮਤਿ ਦੀ ਪੜ੍ਹਾਈ ਬਜਾਏ ਅਲਫ਼ ਤੋਂ ਸ਼ੁਰੂ ਕਰਾਉਣ ਦੇ ਵਿਚਕਾਰੋਂ ਭਾਵ "ਜੀਮ-ਚੇ" ਤੋਂ ਸ਼ੁਰੂ ਕਰਾਈ ਜਾਂਦੀ ਹੈ ।

ਸਾਡਾ ਅਲਫ਼ ਨਮਸਕਾਰ ਯੋਗ "ੴ" ਸ਼ਬਦ ਹੈ ਜਿਸ ਵਿਚ ਰਖੇ ਹੋਏ ਸਰਬ ਹਿਤੈਸ਼ੀ ਗੁੱਝੇ ਭੇਦਾਂ ਤੋ ਅਸੀਂ ਇਸ ਲਈ ਅਨਜਾਣ ਰਖੇ ਜਾ ਰਹੇ ਹਾਂ ਕਿਉਂਕਿ ਜਿਨ੍ਹਾਂ ਆਗੂਆਂ ਜਾਂ ਗੁਰਦਵਾਰਿਆਂ ਦੇ ਪ੍ਰਬੰਧਕਾਂ ਨੇ ਗੁਰਮਤਿ ਪ੍ਰਚਾਰ ਕਰਨ ਦੀ ਜ਼ਿਮੇਵਾਰੀ ਆਪਣੇ ਮੋਢਿਆਂ ਉਪਰ ਲਈ ਹੋਈ ਹੈ ਉਨ੍ਹਾਂ ਵਿਚੋਂ ਕੋਈ ਵਿਰਲੇ ਹੀ ਅਜਿਹੇ ਵੱਡ

ਭਾਗੀ ਹੋਵਣਗੇ ਜਿਨ੍ਹਾਂ ਨੂੰ ਉਨ੍ਹਾਂ ਖੁਨਿਆਦੀ ਪਰ ਮਹਾਨ ਸਰਬ-ਸੁਖਦਾਇਕ ਗੁੱਝੇ ਅਰਸ਼ੀ ਭੇਦਾਂ ਸੰਬੰਧੀ ਕੁਝ ਸੂਝ ਬੂਝ ਹੋਵੇ। ਇਹੋ ਕਾਰਨ ਹੈ ਕਿ ਇਹ ਸੰਸਾਰ ਨਮਸਕਾਰ ਯੋਗ ਸ਼ਬਦ "ੴ" ਨੂੰ ਸਮਝੇ ਤੇ ਸਮਝਾਏ ਬਿਨਾਂ ਮਛੀ ਵਾਂਗ ਤੜਪ ਰਿਹਾ ਹੈ। ਥਾਂ ਥਾਂ ਲੜਾਈਆਂ, ਫ਼ਸਾਦ, ਲੁਟਾਂ, ਮਾਰਾਂ ਤੇ ਬੇਪਤੀਆਂ ਨਮਸਕਾਰ ਯੋਗ ਸ਼ਬਦ "ੴ" ਨੂੰ ਨਾ ਸਮਝਣ ਦਾ ਹੀ ਭਿਆਨਕ ਸਿੱਟਾ ਹੈ। ਜੇ ਕਦੀ ਸੰਸਾਰ ਨੂੰ ਨਮਸਕਾਰ ਯੋਗ ਸ਼ਬਦ "ੴ" ਅਤੇ ਉਸ ਵਿਚ ਰਖੇ ਹੋਏ ਸਰਬੱਤ ਦੇ ਭਲੇ ਵਾਲੇ ਅਰਸ਼ੀ ਭੇਦਾਂ ਦੀ ਸੂਝ ਬੂਝ ਕਰਵਾ ਦਿਤੀ ਗਈ ਹੁੰਦੀ ਤਾਂ ਅਜ ਦੀ ਦੁਨੀਆਂ ਜੋ ਜਵਾਲਾ-ਮੁਖੀ ਪਹਾੜ ਦਾ ਰੂਪ ਧਾਰਨ ਕਰ ਚੁਕੀ ਹੈ, ਐਸਾ ਕਦੀ ਵੀ ਨਾ ਹੁੰਦਾ। ਮਾਨਵਤਾ ਸੁਖ ਦਾ ਜੀਵਨ ਬਤੀਤ ਕਰਦੀ ਤੇ ਹਰ ਕੋਈ ਕਿਸੇ ਅਗੰਮੀ ਵਜਦ ਵਿਚ ਆਇਆ ਝੂੰਮ ਝੂੰਮ ਇਹ ਗਾਇਣ ਕਰਦਾ ਸੁਣਿਆ ਜਾਂਦਾ ਕਿ :—

"ਨਾ ਕੋ ਮੇਰਾ ਦੁਸਮਨ ਰਹਿਆ ਨਾ ਹਮ ਕਿਸ ਕੇ ਬੈਰਾਈ।
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।
ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।
ਦੂਰ ਪਰਾਇਓ ਮਨ ਕਾ ਬਿਰਹਾ ਤਾਂ ਮੇਲੁ ਕੀਓ ਮੇਰੇ ਰਾਜਨ।"

—ਧਨਾਸਰੀ ਮਹਲਾ ੫

ਨਮਸਕਾਰ ਯੋਗ "ੴ" ਸ਼ਬਦ ਅੰਦਰ ਰਖੇ ਹੋਏ ਉਪ੍ਰੋਕਤ ਕਿਸਮ ਦੇ ਅਥਾਹ ਸਰਬ-ਸੁਖਦਾਇਕ ਗੁੱ ਭੇਦਾਂ ਤੋਂ ਜਾਣੂੰ ਹੋਣਾ ਹਰ ਗੁਰਸਿਖ ਲਈ ਸਭ ਤੋਂ ਪਹਿਲਾ ਤੇ ਜ਼ਰੂਰੀ ਫ਼ਰਜ਼ ਨੀਯਤ ਕੀਤਾ ਗਿਆ ਸੀ, ਇਸ ਲ ਗੁਰਦੇਵ ਪਿਤਾ ਜੀ ਨੇ ਆਰੰਭ ਵਿਚ ਹੀ ਸਾਨੂੰ ਸਭ ਨੂੰ ਬੜੇ ਪਿਆਰ ਸਹਿਤ ਇਹ ਗਲ ਦ੍ਰਿੜ੍ਹ ਕਰਾਈ ਸੀ ਕਿ ਦੇਖੋ ਬੇਟਾ

"ਸਰਬ ਸਬਦੰ ਏਕ ਸਬਦੰ ਜੋ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥"

—ਆਸਾ ਵਾਰ ਮ: ੨

"ਇਸੁ ਏਕੇ ਕਾ ਜਾਣੈ ਭੇਉ।
ਆਪੇ ਕਰਤਾ ਆਪੇ ਦੇਉ।"

—ਰਾਮ ਕਲੀ ਮਹਲਾ ੧

ਪਰ ਦੁਖ ਤਾਂ ਵੀਰੋ ਇਸ ਗਲ ਦਾ ਹੈ ਕਿ ਜਿਸ ਆਪਣੇ ਪਿਆਰੇ ਪੰਥ ਦੇ ਜ਼ਿੰਮੇ ਸਮੂਹ ਮਾਨਵਤਾ ਨੂੰ ਮਸਕਾਰ ਯੋਗ "ੴ" ਸ਼ਬਦ ਅੰਦਰ ਗੁਹਜ ਰਖੇ ਹੋਏ ਮਹਾਨ ਸੁਖਦਾਈ ਤੇ ਮਹਾਨ ਸ਼ਕਤੀ ਦਾਤੇ ਅਰਸ਼ੀ ਭੇਦ ੀ ਸੂਝ ਬੂਝ ਦੇਣ ਦੀ ਡਿਊਟੀ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਲਾਈ ਸੀ ਉਹ ਆਪ ਹੀ ਉਨ੍ਹਾਂ ਸਰਬ-ੁਖਦਾਇਕ ਅਗੰਮੀ ਭੇਦਾਂ ਤੋਂ ਅਨਜਾਣ ਰਹਿਣ ਕਰਕੇ ਇਕ ਪਾਸੇ ਘਰ ਦੀ ਫੁੱਟ ਕਾਰਨ ਤਬਾਹ ਤੇ ਬਰਬਾਦ ਹੋ ਰਹਾ ਹੈ ਤੇ ਦੂਜੇ ਪਾਸੇ ਉਸ ਦੇ ਲਖਾਂ ਨੌਨਿਹਾਲ ਉਸੇ ਹੀ ਸੂਝ ਬੂਝ ਤੋਂ ਅਗਿਆਤ ਰਖੇ ਜਾਨ ਸਦਕਾ ਨਿਤਾਪ੍ਰਤਿ ਾਰੀ ਗਿਣਤੀ ਅੰਦਰ ਨਾਸਤਕ ਜਾਂ ਪਤਿਤ ਹੁੰਦੇ ਚਲੇ ਜਾ ਰਹੇ ਹਨ। ਨਤੀਜਾ ਇਹ ਹੋ ਰਿਹਾ ਹੈ ਕਿ ਪੰਥ ਬੜੀ ਭਾਰੀ ਜ਼ੀ ਨਾਲ ਰਿਸਾਤਲ ਵਲ ਨੂੰ ਜਾ ਰਿਹਾ ਹੈ। ਇਸ ਸਮੇਂ ਕੋਈ ਅਜਿਹਾ ਪੰਥ ਦਰਦੀ ਦਿਸ ਨਹੀਂ ਆਉਂਦਾ ਜੋ ਮਦਰਦੀ ਭਰੇ ਦਿਲ ਨਾਲ ਇਸ ਚਿਮਟੇ ਭਿਆਨਕ ਰੋਗ ਨੂੰ ਸਮਝਨ ਤੇ ਉਸਦਾ ਦਾਰੂ ਕਰਨ ਦਾ ਯਤਨ ਕਰੇ! ਨਾ

ਹੀ ਕੋਈ ਅਜਿਹਾ ਕਰਨੀ ਕਮਾਈ ਵਾਲਾ ਗੁਰਸਿਖ ਦ੍ਰਿਸ਼ਟੀ ਵਿਚ ਆ ਰਿਹਾ ਹੈ ਜੋ ਪੰਥ ਵਿਚ ਚਿਰਕਾਲ ਤੋਂ ਪ
ਹੋਈ ਭਿਆਨਕ ਕਿਸਮ ਦੀ ਘਰ ਫੂਕ ਤਮਾਸ਼ਾ ਵੇਖਨ ਵਾਲੀ ਫੁੱਟ ਨੂੰ ਸਮਾਪਤ ਕਰਾਉਣ ਲਈ ਆਪਨੇ ਫਾਕ ਫ
ਹੋਏ ਸਿਖ ਵੀਰਾਂ ਨੂੰ ਇਕ ਦੂਜੇ ਨਾਲ ਜਫੀਆਂ ਪਵਾਕੇ ਉਹਨਾਂ ਦੇ ਗਿਲੇ ਗੁੱਸੇ ਦੂਰ ਕਰਵਾ ਦਏ। ਸਾਡੀ ਪਤਿ
ਆਬਰੋ "ਏਕੋ ਬੂਝੈ ਸੂਝੈ ਪਤਿ ਹੋਇ" ਸਦਕਾ ਹੀ ਥਿਰ ਰਹਿਣੀ ਸੀ ਤੇ ਥਿਰ ਰਹਿ ਸਕਦੀ ਹੈ ਪਰ ਸਮਝ ਇੰਜ
ਰਹੀ ਹੈ ਕਿ ਇਸ ਸਰਬ ਸਾਂਝੇ ਪੰਥਕ ਭਲਿਆਈ ਵਾਲੇ ਸਰਵੋਤਮ ਕਾਰਜ ਨੂੰ ਕੋਈ ਵੀ ਸੱਜਣ ਆਪਣਾ ਜਾਂ ਆਪ
ਅੰਮ੍ਰਿਤ ਦਾਤੇ, ਆਪਣੇ ਜੀਵਨਦਾਤੇ ਸਰਬੰਸ ਦਾਨੀ ਸ੍ਰੀ ਦਸਮੇਸ਼ ਪਿਤਾ ਜੀ ਦਾ ਕਾਰਜ ਕਰਕੇ ਨਹੀਂ ਸਮਝ ਰਿਹਾ
ਇਹੋ ਜਿਹੇ ਮਹਾਨ ਦੁਖਦਾਈ ਹਾਲਾਤ ਅੰਦਰ ਦਿਲ ਵਿਚੋਂ ਇਹ ਹੂਕ ਨਿਕਲ ਰਹੀ ਹੈ ਕਿ :—

"ਅਹੋ ਪੰਥ ਤੈਂ ਮਨੋ ਵਿਸਾਰੇ ॥
ਦਸੋ ਗੁਰਾਂ ਕੇ ਸਭ ਉਪਕਾਰੇ ॥"

ਅਫ਼ਸੋਸ! ਸਦ ਅਫ਼ਸੋਸ! ਪਿਆਰੇ ਵੀਰੋ, ਜੇ ਅਸੀਂ ਗੁਰੂ ਬਖਸ਼ੇ ਨਮਸਕਾਰ ਯੋਗ "ੴ" ਸਬਦ ਅੰਦ
ਸਾਡੇ ਭਲੇ ਹਿਤ ਰਖੇ ਹੋਏ ਸਰਬ-ਸੁਖਦਾਇਕ ਇਕ ਗੁੱਝੇ ਅਰਸ਼ੀ ਭੇਦਾਂ ਨੂੰ ਸਮਝ ਕੇ ਆਪਸ ਵਿਚ ਸਕੇ ਸਹੋਦਰ
ਪਿਉ ਜਾਏ ਵੀਰ ਬਣੇ ਰਹਿੰਦੇ ਅਤੇ ਸਰਕਾਰੀ ਕੁਰਸੀਆਂ ਲਈ ਦੜ ਭਜ ਤੇ ਜਣੇ ਖਣੇ ਅਗੇ ਲਿਲੜੀਆਂ ਕੱਢਣ
ਥਾਂ ਆਪਣੇ ਪੁਰਾਤਨ ਸਿਖ ਬਜ਼ੁਰਗਾਂ ਵਾਂਗ ਸਿਖੀ ਦੇ ਵਾਧੇ ਲਈ ਨਿਤ ਪ੍ਰਤਿ ਪਹਿਲੇ ਜਹੇ ਦੀਰਘ ਦ੍ਰਿਸ਼ਟੀ ਭਰੇ ਯਤ
ਜਾਰੀ ਰਖਦੇ ਤਾਂ ਪਿਆਰੇ ਪੰਥ ਨੂੰ ਇਹ ਅਜ ਵਾਲੇ ਭੈੜੇ ਦਿਨ ਕਦਾਚਿਤ ਨਾ ਵੇਖਣੇ ਪੈਂਦੇ। ਉਸ ਹਾਲਤ ਅੰ
ਸਿਖਾਂ ਦੀ ਗਿਣਤੀ ਅਜ ਕਰੋੜਾਂ ਨਹੀਂ ਬਲਕਿ ਅਰਬਾਂ ਤਕ ਨੂੰ ਪਹੁੰਚ ਗਈ ਹੁੰਦੀ। ਨਤੀਜਾ ਇਹ ਹੁੰਦਾ ਕਿ ਸ
ਗਿਣਤੀ ਦੇ ਵਧਣ ਸਦਕਾ ਸਰਕਾਰੀ ਕੁਰਸੀਆਂ ਆਪਣੇ ਆਪ ਹੀ ਸਾਡੇ ਪਿਛੇ ਦੌੜੀਆਂ ਚਲੀਆਂ ਆਉਂਦੀਆਂ। ਉ
ਹਾਲਤ ਅੰਦਰ ਪੰਥਕ ਚੜ੍ਹਦੀ ਕਲਾ ਇਤਨੀ ਉਚੀ ਤੇ ਪ੍ਰਭਾਵਸ਼ਾਲੀ ਹੋ ਜਾਂਦੀ ਕਿ ਕੁਰਸੀਆਂ ਦੀ ਝਾਕ ਕਿਸੇ
ਰਹਿੰਦੀ ਹੀ ਨਾ।

ਪਿਆਰੇ ਵੀਰੋ! ਕਿਸ ਨੂੰ ਪਤਾ ਨਹੀਂ ਕਿ ਵਰਤਮਾਨ ਪੰਥਕ ਫੁੱਟ ਦ ਕਾਰਨ ਨਿਰੋਲ ਸਰਕਾਰੀ ਕੁਰਸੀ
ਦੀ ਚਾਹ ਹੀ ਹੈ। ਹਾਲਤ ਇਹ ਹੋ ਚੁਕੀ ਹੈ ਕਿ ਭਾਵੇਂ ਕਿਹੋ ਜਹੇ ਵੀ ਪੰਥ ਮਾਰੂ ਕੁਕਰਮ ਸਦਕਾ ਸਰਕਾਰੀ ਕੁਰ
ਪ੍ਰਾਪਤ ਹੋ ਸਕੇ ਉਹ ਨਿਝੱਕ ਹੋ ਕੇ ਕਰ ਲਿਆ ਜਾਂਦਾ ਹੈ। ਪਰ ਇਸ ਗਲ ਨੂੰ ਪੱਥਰ ਤੇ ਲਕੀਰ ਸਮਝ ਲਵੋ
ਕੁਰਸੀਆਂ ਦੀ ਪ੍ਰਾਪਤੀ ਲਈ ਵਰਤਮਾਨ ਭਰਾ ਮਾਰੂ ਸਕੀਮ ਰਾਹੀਂ ਰਾਜ ਭਾਗ ਦੀ ਪ੍ਰਾਪਤੀ ਕਦਾਚਿਤ ਨਹੀਂ
ਸਕੇਗੀ। ਤੇ ਜੇ ਕਿਸੇ ਸਮੇਂ ਕਿਸੇ ਖੋਟੀ ਚਾਲ ਰਾਹੀਂ ਕਿਸੇ ਪਾਰਟੀ ਨੂੰ ਸਰਕਾਰੀ ਗੱਦੀ ਪ੍ਰਾਪਤ ਹੋ ਵੀ ਗਈ ਤਾਂ ਉ
ਗੱਦੀ ਬਹੁਤੇ ਦਿਨ ਥਿਰ (ਕਾਇਮ) ਨਹੀਂ ਰਹਿ ਸਕੇਗੀ। ਸਰਕਾਰੀ ਕੁਰਸੀਆਂ ਦੀ ਪ੍ਰਾਪਤੀ ਲਈ ਜਿਵੇਂ ਅਜ
ਤਰਲੇ ਲੈ ਰਿਹਾ ਹੈ ਅਜਿਹਾ ਸ਼ਰਮ-ਨਾਕ ਤੇ ਅਣਖ-ਹੀਨ ਘਟੀਆ ਕਿਸਮ ਦਾ ਵਾਤਾਵਰਨ ਸਿਖ ਇਤਿਹਾਸ ਅੰ
ਕਿਤੇ ਦਿਸ ਨਹੀਂ ਆਉਂਦਾ। ਸਿਖ ਪੰਥ ਤਾਂ ਉਲਟਾ ਨਵਾਬੀਆਂ ਅਤੇ ਦਿੱਲੀ ਤਕ ਦੀਆਂ ਜਿਤੀਆਂ ਹੋਈਆਂ ਬਾ
ਸ਼ਾਹੀਆਂ ਨੂੰ ਵੀ ਧਿੱਕੇ ਮਾਰ ਦਿਆ ਕਰਦਾ ਸੀ। ਉਸ ਦੇ ਸਾਹਮਣੇ ਸਭ ਤੋਂ ਵੱਡਾ ਤੇ ਥਿਰ ਰਹਿਣ ਵਾਲਾ ਰ
ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਸਰਬੱਤ ਦੇ ਭਲੇ ਲਈ ਧੁਰ ਅਰਸ਼ਾਂ ਤੋਂ ਲਿਆਂਦੇ
ਨਮਸਕਾਰ ਯੋਗ ੴ ਸ਼ਬਦ ਅੰਦਰ ਗੁਹਜ ਰਖੇ ਹੋਏ ਸਰਬ-ਸੁਖ ਦਾ ਇਕ ਅਰਸ਼ੀ ਭੇਦਾਂ ਦਾ ਥਾਂ ਥਾਂ ਪ੍ਰਚਾਰ ਕਰ
ਹੀ ਮੁਖ ਉਦੇਸ਼ ਸੀ। ਅਜਿਹਾ ਹੋਣ ਦਾ ਕਾਰਨ ਇਹ ਸੀ ਕਿ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਨੇ ਉਸ ਨੂੰ
ਦਾ ਅੰਮ੍ਰਿਤ ਪਾਣ ਕਰਾਉਣ ਸਮੇਂ ਇਹ ਗਲ ਪਰਨ ਤੌਰ ਤੇ ਦ੍ਰਿੜ੍ਹ ਕਰਵਾ ਦਿਤੀ ਸੀ ਕਿ ਰਾਜ ਭਾਗ ਵਾਲੀ

ਕੁਰਸੀਆਂ ਕਿਸੇ ^ ਪਾਸੋਂ ਲਿਲੜੀਆਂ ਕੱਢਣ ਨਾਲ ਹੀ ਮਿਲ ਸਕਿਆ ਕਰਦੀਆਂ ਹਨ। ਉਹ ਸ਼ੁਭ ਕਰਮਾਂ ਸਹਿਤ ਪਿਆਰੇ ਨਿਰੰਕਾਰ ੧ਓ ਜੀ ਦਾ ਸਿਮਰਨ ਅਭਿਆਸ ਕਰਦੇ ਹੋਇਆਂ ਧਰਮੀ ਜੀਵੜੇ ਬਣ ਕੇ ਆਪਣੇ ਆਪ ਵਿਚ ਧਰਮੀ ਬਹੁ-ਗਣਤੀ ਬਲ ਪੈਦਾ ਕਰਨ ਨਾਲ ਮਿਲਦੀਆਂ ਹਨ। ਤੇ ਉਸ ਬਲ ਦਾ ਪ੍ਰਗਟਾਵਾ ਅਜ ਦੇ ਸਮੇਂ ਅੰਦਰ ਕੇਵਲ ਵੋਟਾਂ ਦੀ ਗਿਣਤੀ ਅਨੁਸਾਰ ਹੀ ਨਿਸਚਿਤ ਕੀਤਾ ਜਾਂਦਾ ਹੈ।

ਪਿਆਰੇ ਵੀਰੋ ! ਸਤਿਗੁਰੂ ਸਾਹਿਬਾਨ ਜੀ ਦੇ ਸਮੇਂ ਅੰਦਰ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੀ ਗਿਣਤੀ ਕਈ ਕਰੋੜਾਂ ਤਕ ਨੂੰ ਪੁਜ ਚੁਕੀ ਹੋਈ ਸੀ ਜੋ ਸਾਡੀ ਆਪਣੀ ਹੀ ਅਨਗਹਿਲੀ ਸਦਕਾ ਘਟਦੀ ਘਟਦੀ ਹੁਣ ਤਕ ਕੇਵਲ ਅਠ ਨੌ ਕਰੋੜ ਦੇ ਲਗ ਪਗ ਹੀ ਬਾਕੀ ਰਹਿ ਗਈ ਹੋਈ ਹੈ। ਇਸ ਅਠ ਨੌ ਕਰੋੜ ਵਿਚੋਂ ਹੇਠ ਲਿਖੇ ਅਨੁਸਾਰ ਲਗ ਪਗ ਛੇ ਕਰੋੜ ਸਤਾਠ ਲਖ (667000000) ਉਹ ਵੀਰ ਹਨ ਜੋ ਆਪਣੇ ਆਪ ਨੂੰ ਨਾਨਕ ਪੰਥੀਏ, ਨਿਰੰਜਨੀਏ, ਵਣਜਾਰੇ ਤੇ ਲੁਬਾਣੇ ਆਦਿ ਨਾਵਾਂ ਨਾਲ ਹੁਣ ਤਕ ਗੁਰੂ ਨਾਨਕ ਨਾਮ ਲੇਵਾ ਅਖਵਾਉਂਦੇ ਚਲੇ ਆ ਰਹੇ ਹਨ ਜਿਵੇਂ ਕਿ :—

| | | |
|---|---|---|
| ਯੂ. ਪੀ. ਵਿਖੇ | = | 4000000 |
| ਐਮ. ਪੀ. ਵਿਖੇ | = | 15700000 |
| ਮਹਾਰਾਸ਼ਟਰ ਵਿਖੇ | = | 20000000 |
| ਆਂਧਰਾ ਤੇ ਮੈਸੂਰ ਵਿਖੇ | = | 7000000 |
| ਬਾਕੀ ਹੋਰ ਪਰਾਂਤਾਂ ਵਿਖੇ | = | 20000000 |
| ਕੁਲ ਜੋੜ | = | 66700000 |

ਉਪ੍ਰੋਕਤ ਭਾਰੀ ਗਿਣਤੀ ਅੰਦਰ ਇਸ ਭਾਰਤ ਵਰਸ਼ ਦੇ ਵਖ ਵਖ ਪਰਾਂਤਾਂ ਵਿਖੇ ਨਿਵਾਸ ਰਖ ਰਹੇ ਲਗ ਪਗ ਸਾਢੇ ਛੇ ਕਰੋੜ ਗੁਰੂ ਨਾਨਕ ਨਾਮ ਲੇਵਾ ਸਹਿਜ ਧਾਰੀ ਵੀਰਾਂ ਦੀ ਰਖਿਆ ਤੇ ਸੰਭਾਲ ਵਲ ਥੋੜਾ ਜਿਹਾ ਵੀ ਠੋਸ ਧਿਆਨ ਦਿਤਾ ਜਾਏ ਤਾਂ ਜਿਥੇ ਉਹ ਪਿਆਰੇ ਪੰਥ ਦੀ ਧਾਰਮਕ ਅਤੇ ਰਾਜਨੀਤਕ ਸ਼ਾਨ ਨੂੰ ਚਾਰ ਚੰਨ ਲਾ ਸਕਦੇ ਹਨ ਉਥੇ ਭਾਰਤ ਵਰਸ਼ ਦੀ ਆਜ਼ਾਦੀ ਦੀ ਰਾਖੀ ਲਈ ਖੰਡੇ ਦਾ ਅੰਮ੍ਰਿਤ ਪਾਣ ਕਰਕੇ ਲੋਹੇ ਦੀ ਕੰਧ ਸਾਬਤ ਹੋ ਸਕਦੇ ਹਨ। ਦੇਸ਼, ਕੌਮ ਅਤੇ ਪਿਆਰੇ ਪੰਥ ਦਾ ਭਲਾ ਇਸੇ ਗਲ ਵਿਚ ਹੈ ਕਿ ਉਚੀ ਪੱਧਰ ਤੇ ਪੂਰੇ ਪੂਰੇ ਯਤਨ ਕਰਕੇ ਇਹਨਾਂ ਨੂੰ ਸ਼ੀਘਰ ਹੀ ਅੰਮ੍ਰਿਤ ਧਾਰੀ ਸਿੰਘ ਸਜਾਇਆ ਜਾਏ।

ਇਸ ਲਈ ਪਿਆਰੇ ਪੰਥ ਦੇ ਮਾਨ ਯੋਗ ਆਗੂਆਂ ਨੂੰ ਚਾਹੀਦਾ ਹੈ ਕਿ ਕੁਰਸੀਆਂ ਪਿੱਛੇ ਦੌੜਨ ਦੀ ਥਾਂ "ਗੁਰਸਿਖ ਮੀਤ ਚਲਹੁ ਗੁਰ ਚਾਲੀ" ਵਾਲੀ ਭੇਦ ਭਰੀ ਅਚਸ਼ੀ ਸਿਖਿਆ ਅਨੁਸਾਰ ਜਿਥੇ ਕਿਥੇ ਠੋਸ ਸਿਖੀ ਪ੍ਰਚਾਰ ਲਈ ਸਿੰਘ ਸਭਾਵਾਂ ਦੇ ਪੰਥ ਹਿਤੂ ਪੁਰਾਤਨ ਆਗੂਆਂ ਤੇ ਪ੍ਰਬੰਧਕਾਂ ਵਾਂਗ ਦੀਰਘ ^ ਦ੍ਰਿਸ਼ਟੀ ਭਰੇ ਯਤਨ ਆਰੰਭ ਕਰ ਦੇਣ। ਠੋਸ ਸਿਖੀ ਪ੍ਰਚਾਰ ਤਾਂ ਹੀ ਹੋ ਸਕੇਗਾ ਜੇ ਪੰਥ ਦੇ ਆਗੂ ਨਮਸਕਾਰ ਯੋਗ ੧ਓ ਸ਼ਬਦ ਦੇ ਅੰਤਰ ਮੁਖੀ ਭਾਵਾਂ ਨੂੰ ਸਮਝ ਕੇ ਅਕਾਲੀ ਲਹਿਰ ਦੇ ਸਮੇਂ ਵਾਂਗ ਪੂਰਨ ਨਿਸ਼ਚੇ ਸਹਿਤ ਸ੍ਰੀ ਕਲਗੀਧਰ ਦਸਮੇਸ਼ ਪਿਤਾ ਜੀ ਨੂੰ ਜ਼ਾਹਿਰਾ ਜ਼ਹੂਰ ਤੇ ਸਦਾ ਹੀ ਅਪਣੇ ਅੰਗ ਸੰਗ ਸਹਾਈ ਸਮਝਣ।

ਪਿਆਰੇ ਵੀਰੋ ! ਕਲਗੀਧਰ ਪਾਤਸ਼ਾਹ ਜੀ ਤਾਂ ਸਾਨੂੰ ਬਾਹਾਂ ਉਲਾਰ ਉਲਾਰ ਕੇ ਕਹਿ ਰਹੇ ਹਨ ਕਿ ਆਉ ਬਚਿਓ "ਸਪੁੱਤ੍ਰ ਬਨੋ ਤੇ ਚਾਬੀਆਂ ਸੰਭਾਲੋ" ਪਰ ਅਫ਼ਸੋਸ ਕਿ ਅਸੀਂ ਕਪੁੱਤ੍ਰ ਹੋ ਕੇ ਬਹੁਤ ਹੀ ਕੁਥਾਇ ਫਸ ਚੁਕੇ ਹਾਂ। ਅਜੇ ਵੀ ਡੁੱਲ੍ਹੇ ਬੇਰਾਂ ਨੂੰ ਸੰਭਾਲਿਆ ਜਾ ਸਕਦਾ ਹੈ। ਇਸ ਲਈ ਆਪਣੇ ਆਪ ਤੇ ਤਰਸ ਕਰੋ, ਆਪਣੀ ਆਵਣ ਵਾਲੀ ਬੇ-ਗੁਨਾਹ ਮਾਸੂਮ ਸੰਤਾਨ ਤੇ ਰਹਿਮ ਕਰੋ ਤੇ ਜਿਉਂ ਜਾਨੋਂ :—

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥"

ਬੱਸ ਵੀਰੋ ! ਹੁਣ ਆਉ "ਤਿਆਗੇ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ" ਵਾਲੇ ਹੁਕਮ ⌒ਤੇ ਚਲਦੇ ਹੋਏ ਅਸੀਂ ਧਰਮ ਨੂੰ ਅਪਨਾਉਣ ਵਾਲੇ, ਧਰਮ ਨੂੰ ਥਾਂ ਥਾਂ ਪ੍ਰਗਟਾਉਣ ਵਾਲੇ ਤੇ ਨਮਸਕਾਰ ਯੋਗ ੧ੳ ਸ਼ਬਦ ਅੰਦਰ ਰਖੇ ਹੋਏ ਰਾਜ ਭਾਗ ਦੀ ਬਖਸ਼ਿਸ਼ ਕਰਨ ਵਾਲੇ ਉੱਚ ਅਰਸ਼ੀ ਗੁਣਾਂ ਨੂੰ ਦ੍ਰਿੜ੍ਹਤਾ ਸਹਿਤ ਅਪਨਾਉਣ ਵਾਲੇ ਬਨਦੇ ਹੋਏ ਸਹੀ ਅਰਥਾਂ ਅੰਦਰ ਧਾਰਮਕ, ਸਮਾਜਕ, ਆਰਥਕ ਤੇ ਰਾਜਨੈਤਕ ਬਲ ਨੂੰ ਪ੍ਰਾਪਤ ਕਰਕੇ ਨਾ ਕੇਵਲ ਆਪ ਹੀ ਹਰ ਪਹਿਲੂ ਤੋਂ ਸੁਖੀ ਹੋਈਏ ਬਲਕਿ ਇਸ ਭੱਠ ਵਾਂਗ ਤਪ ਰਹੇ ਸੰਸਾਰ ਨੂੰ ਵੀ ਸੁਖੀ ਕਰ ਵਿਖਾਉਣ ਦਾ ਸਿਹਰਾ ਪ੍ਰਾਪਤ ਕਰੀਏ । ਇਹ ਸਭ ਕੁਛ ਧਰਮੀ ਬਣਨ ਤੇ ਧਰਮ ਦੇ ਪ੍ਰਚਾਰ ਰਾਹੀਂ ਪ੍ਰਾਪਤ ਕੀਤੇ ਧਰਮੀ ਬਹੁ-ਗਿਣਤੀ ਵਾਲੇ ਬਲ (ਸ਼ਕਤੀ) ਸਦਕਾ ਹੀ ਹੋ ਸਕਦਾ ਹੈ। ਇਸੇ ਲਈ ਸਾਡੇ ਪੁਰਾਤਨ ਸਿਖ ਬਜ਼ੁਰਗ ਸਾਡੇ ਲੋਕ ਅਤੇ ਪ੍ਰਲੋਕ ਦੇ ਮਹਾਨ ਸੁੱਖਾਂ ਲਈ ਸਾਨੂੰ ਹੇਠ ਲਿਖੀ ਦੀਰਘ ਦ੍ਰਿਸ਼ਟੀ ਭਰੀ ਅਮਰ ਸਿਖਿਆ ਅਪਣੀ ਪਵਿਤ੍ਰ ਕਲਮ ਨਾਲ ਆਪ ਲਿਖ ਕੇ ਸਾਨੂੰ ਇਹ ਸਮਝਾ ਗਏ ਹੋਏ ਹਨ ਕਿ ਦੇਖੋ ਭਾਈ :—

"ਕੋਈ ਕਿਸੇ ਕੋ ਰਾਜ ਨਾ ਦੇ ਹੈਂ ।।
ਜੋ ਲੇ ਹੈਂ ਨਿਜ ਬਲ ਸੇ ਲੇ ਹੈਂ ।।
ਰਾਜ ਬਿਨਾਂ ਨਹਿ ਧਰਮ ਬਚੇ ਹੈਂ ।।
ਧਰਮ ਬਿਨਾਂ ਸਭ ਦਲੇ ਮਲੇ ਹੈਂ ।।"

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਪਾਤਸ਼ਾਹ ਊਨਾ ਸਾਹਿਬ ਵਾਲਿਆਂ ਨੇ ਇਸ ਨੀਤੀ ਨੂੰ ਅਪਨਾਇਆ ਅਠਾਰਵੀਂ ਸਦੀ ਵਿਚ, ਜਿਸ ਕਾਰਨ ਸਿਖ ਰਾਜ ਕਾਇਮ ਹੋਇਆ, ਤੇ ਆਪ ਨੇ ੧੮੦੧ ਵਿਸਾਖੀ ਵਾਲੇ ਦਿਹਾੜੇ ਆਪਣੇ ਸੇਵਕ ਮਹਾਰਾਜਾ ਰਣਜੀਤ ਸਿੰਘ ⌒ ਨੂੰ ਗੱਦੀ ਤੇ ਬਿਠਾ ਰਾਜ ਤਿਲਕ ਦਿਤਾ। ਜਦ ਸਿਖ ਰਾਜ ਆਪ ਪਿਛੋ ਧਰਮ ਦੀ ਨੀਤੀ ਨੂੰ ਛਡ ਗਿਆ "੧ੳ" ਦੇ ਸਬਕ ਨੂੰ ਭੁਲਾ ਬੈਠਾ, ਰਾਜ ਗੁਆ ਬੈਠਾ। ਇਨ੍ਹਾਂ ਨਿਸ਼ਕਾਮ ਸੇਵਕਾਂ ਨੂੰ ਇਨ੍ਹਾਂ ਦੀ ਧਰਮ ਨੀਤੀ ਨੂੰ ਅਪਨਾਉਣਾ ਹੀ ਮੁੜ ਖਾਲਸੇ ਦੀਆਂ ਚੜ੍ਹਦੀਆਂ ਕਲਾਂ ਦਾ ਕਾਰਨ ਬਣੇਗਾ ।

❖

# ਸੂਚਨਾ

ਬਾਬਾ ਮਧੁਸੂਦਨ ਸਿੰਘ ਜੀ ਬੇਦੀ ਜੀ ਦੇ ਮਾਤਾ ਜੀ ਬੜੇ ਸਖ਼ਤ ਬਿਮਾਰ ਹਨ ਤੇ ੨੭ ਫ਼ਰਵਰੀ ੧੯੭੨ ਤੋਂ ਹਸਪਤਾਲ ਨੰਗਲ ਵਿਚ ਹਨ। ਸੰਗਤ ਅਗੇ ਬੇਨਤੀ ਹੈ ਜੋ ਅਰਦਾਸ ਕਰੋ, ਸਚੇ ਪਾਤਸ਼ਾਹ ਆਪ ਨੂੰ ਸਲਾਮਤ ਰਖੇ, ਸੇਹਤ ਬਖਸ਼ੇ ਤੇ ਦਾਸ ਨੂੰ ਆਪ ਦੀਆਂ ਅਸੀਸਾਂ ਪ੍ਰਾਪਤ ਹੁੰਦੀਆਂ ਰਹਿਣ, ਜਿਨ੍ਹਾਂ ਦਾ ਸਦਕਾ ਇਸ ਸਮੇ ਗੁਰਗੱਦੀ ਦੇ ਪ੍ਰੋਗਰਾਮਾਂ ਨੂੰ ਚਾਰ ਚੰਦ ਲਗ ਰਹੇ ਹਨ ।

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

# ਝੰਡਾ (ਨਿਸ਼ਾਨ) ਸਾਹਿਬ

ਜਿਤਨੇ ਗੁਰਦੁਆਰੇ ਹਨ ਸਭਨਾਂ ਵਿਚ ਨਿਸ਼ਾਨ ਸਾਹਿਬ ਖੜੇ ਹੋਣੇ ਜ਼ਰੂਰੀ ਹਨ। ਅਤੇ ਜੀਕਰ ਖਾਲਸਾ ਪੰਥ ਤਖਤਾਂ ਸਾਹਿਬਾਂ ਦੇ ਇੰਤਜ਼ਾਮ ਹੇਠ ਰਹਿਆ ਹੋਇਆ ਹੈ ਈਕੁਰ ਹੀ ਗੁਰੂ ਅਕਾਲ ਪੁਰਖ ਜੀ ਦੇ ਝੰਡੇ ਹੇਠ ਭੀ ਸਾਰਾ ਪੰਥ ਹੈ।

ਬਿਸ਼ਨ ਜੀ ਸ਼ਿਵਜੀ ਅਤੇ ਸ਼ਕਤੀ ਤੋਂ ਆਦਿ ਲੈਕਰ ਜਿਤਨੇ ਮੁਖੀਏ ਸੂਰਬੀਰ ਹੋਇ ਸਭਨਾਂ ਦੇ ਅਪਨੇ ਅਪਨੇ ਝੰਡੇ ਰਹੇ। ਹੁਣ ਭੀ ਸਭਨਾਂ ਵਲਾਇਤਾਂ ਦੇ ਜਿਤਨੇ ਪਾਤਸ਼ਾਹ ਹਨ ਸਭਨਾਂ ਦੇ ਅਪਨੇ ਅਪਨੇ ਵਖੋ ਵਖਰੇ ਝੰਡੇ ਹਨ। ਜਿਸ ਦਾ ਝੰਡਾ ਖੜਾ ਹੈ ਉਸ ਦੀ ਪਾਤਸ਼ਾਹੀ ਭੀ ਮਜੂਦ ਹੈ ਝੰਡੇ ਦੀ ਇਜ਼ਤ ਅਤੇ ਬੇਇਜ਼ਤੀ ਪਾਤਸ਼ਾਹੀ ਦੀ ਇਜ਼ਤ ਵਾ ਬੇਇਜ਼ਤੀ ਹੈ। ਹਰ ਇਕ ਪਾਤਸ਼ਾਹ ਦੀ ਫੌਜ ਜਿਤਨੀ ਹੁੰਦੀ ਹੈ ਸਭ ਉਸ ਦੇ ਝੰਡੇ ਦੀ ਸਲਾਮੀ ਵਿਚ ਹੁੰਦੀ ਹੈ। ਫ਼ੌਜੀ ਅਲੀਮਿਆਂ ਵਿਚ ਸਾਰੇ ਫ਼ੌਜਾਂ ਦੇ ਅਫ਼ਸਰ ਸ਼ਾਹੀ ਝੰਡੇ ਹੇਠ ਆਨ ਖੜੇ ਹੁੰਦੇ ਹਨ। ਰਣ ਭੂਮਿਕਾ ਵਿਚ ਝੰਡੇ ਦੇ ਛਿੰਨ ਜਾਣੇ ਕਰ ਹਾਰ ਅਤੇ ਜੀਤ ਦਾ ਨਿਰਨਾ ਭੀ ਹੁੰਦਾ ਹੈ। ਝੰਡੇ ਨੂੰ ਬਚਾਉਣਾ ਫ਼ੌਜੀ ਦਾ ਮੁਖ ਧਰਮ ਹੁੰਦਾ ਹੈ। ਝੰਡਿਆਂ ਦੇ ਚਿਹਨ ਭੀ ਪਾਤਸ਼ਾਹੀਆਂ ਦੀਆਂ ਨਿਸ਼ਾਨੀਆਂ ਹੋਇਆ ਕਰਦੀਆਂ ਹਨ। ਜਹਾਜ਼ਾਂ ਦੀ ਪਛਾਣ ਭੀ ਝੰਡੇ ਦੇ ਚਿਹਨਾਂ ਕਰ ਹੁੰਦੀ ਹੈ ਕਿ ਅਮਕੀ ਪਾਤਸ਼ਾਹੀ ਦਾ ਜਹਾਜ਼ ਹੈ।

ਲਕੜ ਦੇ ਨਾਲ ਕਪੜੇ ਦਾ ਤ੍ਰੈ ਕੋਣਾ ਫਰਰਾ ਲਗਾ ਕੇ ਝੰਡਾ ਬਣਦਾ ਹੈ ਪਰ ਉਸ ਫਰਰੇ ਪਰ ਜੋ ਚਿਹਨ ਲਗਾਏ ਜਾਂਦੇ ਹਨ, ਸੋ ਸਾਰੀ ਗਲ ਉਨ੍ਹਾਂ ਚਿਹਨਾਂ ਦੀ ਹੁੰਦੀ ਹੈ। ਸਭਨਾਂ ਦੇਵੀ ਦੇਵਤਿਆਂ ਅਤੇ ਪਾਤਸ਼ਾਹਾਂ ਦੇ ਝੰਡਿਆਂ ਦੇ ਫਰਰਿਆਂ ਪਰ ਆਪਣੇ ਆਪਣੇ ਸੰਕੇਤ ਕੀਤੇ ਚਿਹਨ ਲਗੇ ਹੁੰਦੇ ਹਨ ਜੋ ਦੂਜੇ ਰੰਗ ਦੇ ਕਪੜੇ ਦੇ ਕੱਟਕੇ ਨਾਲ ਕੀਤੇ ਜਾਂਦੇ ਹਨ। ਇਹਨਾਂ ਚਿਹਨਾਂ ਦੀ ਪਛਾਣ ਹੁੰਦੀ ਹੈ ਕਿ ਅਮਕੇ ਦਾ ਝੰਡਾ ਹੈ। ਇਨਾਂ ਚਿਹਨਾਂ ਤੋਂ ਹੀ ਪਤਾ ਚਲਦਾ ਹੈ ਕਿ ਅਮਕੇ ਮਤ ਦਾ ਡੇਰਾ ਹੈ। ਦੇਵੀ ਦੁਵਾਰੇ, ਠਾਕਰ ਦਿਵਾਲੇ, ਸ਼ਿਵਾਲੇ ਆਦਿਕ ਮੰਦਰਾਂ ਅਤੇ ਗੁਰ-ਦੁਵਾਰਿਆਂ ਦੀ ਦੂਰੋਂ ਪਛਾਨ ਦਾ ਵੇਰਵਾ ਭੀ ਝੰਡਿਆਂ (ਨਿਸ਼ਾਨਾਂ) ਦੇ ਚਿਹਨਾਂ ਤੋਂ ਹੁੰਦਾ ਹੈ।

ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਮਹਾਰਾਜ ਨੇ ਜੀਕੁਰ ਹੋਰ ਦੇਵੀ ਦੇਵਤਿਆਂ ਅਵਤਾਰਾਂ ਦੇ ਜੁਧਾਂ ਜੰਗਾਂ ਦੇ ਅਖਾੜੇ ਵਰਣਨ ਕੀਤੇ ਹਨ ਈਕੁਰ ਹੀ ਸ੍ਰੀ ਅਕਾਲ ਪੁਰਖ ਜੀ ਦੇ ਭੀ ਜੁਧਾਂ ਜੰਗਾ ਦੇ ਅਖਾੜੇ ਵਰਣਨ ਕੀਤੇ ਹਨ ਜੋ ਮਹਾਰਾਜ ਜੀ ਨੇ ਸਰਗੁਣ ਸਰੂਪ ਧਾਰ ਕਰਕੇ ਆਪ ਰਚੇ ਹਨ। ਕਿਉਂ ਜਿ ਜਿਸ ਬ੍ਰਿਤਨੂੰ ਕੋਈ ਧਾਰਨ ਕਰੇ ਉਸ ਦਾ ਉਪਾਸ ਦੇਵ ਭੀ ਉਸੀ ਬ੍ਰਿਤ ਦਾ ਹੋਵੇ ਤਾਂ ਹੀ ਠੀਕ ਹੁੰਦਾ ਹੈ। ਏਹ ਨਹੀਂ ਕਿ ਉਪਾਸ਼ਕ ਸੂਰਬੀਰ ਹੋਵੇ ਤੇ ਉਸ ਦਾ ਉਪਾਸ਼ ਦੇਵ ਸ਼ਾਂਤਿ ਸਰੂਪ ਹੋਵੇ ਅਥਵਾ ਉਪਾਸ਼ਕ ਸ਼ਾਂਤ ਬ੍ਰਿਤ ਵਾਲਾ ਹੋਵੇ ਅਤੇ ਉਪਾਸ਼ ਦੇਵ ਬੀਰ ਰਸ ਮਈ ਸਰੂਪ ਵਾਲਾ ਹੋਵੇ। ਸੋ ਖਾਲਸੇ ਜੀ ਦੀ ਸੂਰਬੀਰਤਾ ਦੇ ਪ੍ਰਪੱਕ ਕਰਨ ਲਈ ਸ੍ਰੀ ਅਕਾਲ ਪੁਰਖ ਜੀ ਦੇ ਸੂਰ ਬੀਰ ਸਰੂਪ ਦਾ ਭੀ ਵਰਨਿਨ ਕੀਤਾ ਹੈ॥ ਯਥਾ:-

ਰੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਧਰਿਓ ਗਲ ਮੈਂ ਅਸ ਭਾਰੋ॥ ਆਦਿਕ

ਤਥਾ ਹੀ ਚਰਿਤ੍ਰ ਪਖਿਆਨ ਦੇ ਅੰਤ ਦੇ ਚਰਿਤ੍ਰ ਵਿਚ ਅਕਾਲ ਪੁਰਖ ਜੀ ਦਾ ਜੁੱਧ ਵਰਨਿਨ ਕੀਤਾ ਹੈ। ਜਿਸ ਵਿਚੋਂ ਬੇਨਤੀ ਦੀ ਚੌਪਈ ਲੈ ਕੇ ਰਹਰਾਸ ਨਾਲ ਮਿਲਾਈ ਹੈ। ਉਥੇ ਅਕਾਲ ਪੁਰਖ ਜੀ ਦਾ ਜੋ ਝੰਡਾ ਸੀ ਉਸ ਪਰ ਅਸ, ਅਰਥਾਤ ਖੜਗ ਦਾ ਚਿੰਨ੍ਹ ਸੀ। ਜਿਸ ਕਰਕੇ ਅਕਾਲ ਪੁਰਖ ਜੀ ਦਾ ਨਾਉਂ ਅਸਧੁਜ, ਅਸਿਕੇਤ, ਖੜਗ ਧੁਜ,

ੜਗ ਕੇਤ ਲਿਖਿਆ ਹੈ। ਇਨ੍ਹਾਂ ਦਾ ਤਾਤਪਰਯ ਏਹ ਹੈ "ਤਲਵਾਰ ਦੇ ਚਿੰਨ੍ਹ ਦੇ ਝੰਡੇ ਵਾਲਾ, ਕੌਣ ? ਅਕਾ
ੁਰਖ"।

ਸੋ ਇਸੀ ਪ੍ਰਕਾਰ ਸਿਖ ਪੰਥ ਦਾ ਭੀ ਝੰਡਾ ਕਾਇਮ ਹੈ ਜਿਸ ਦੇ ਹੇਠ ਸਾਰਾ ਪੰਥ ਹੈ। ਸੋ ਖਾਲਸਾ ਪੰਥ ਜਿ
ੜੇ ਹੇਠ ਹੈ ਏਹ ਗੁਰੂ ਅਕਾਲ ਪੁਰਖ ਜੀ ਦਾ ਝੰਡਾ ਹੈ। ਸੋ ਝੰਡੇ ਅਰਥਾਤ ਨਿਸ਼ਾਨ ਸਾਹਿਬ ਦੋ ਪ੍ਰਕਾਰ ਦੇ ਹਨ ਇ
ਥਾਵਰ ਦੂਜੇ ਜੰਗਮ। ਸਥਾਵਰ ਗੁਰਦਵਾਰਿਆਂ ਦੇ ਵਿਚ ਚੌਂਕੀਆਂ ਪਰ ਬੜੇ ਬੜੇ ਉਚੇ ਕਾਠ ਦੇ ਅਥਵਾ ਧਾਤ
ੜੇ ਗਡੇ ਹੁੰਦੇ ਹਨ ਤੇ ਲਾਸਾਂ ਨਾਲ ਚਹੁੰ ਪਾਸੀਂ ਖਿਚਕੇ ਕੱਸ ਦਿਤੇ ਹੁੰਦੇ ਹਨ। ਏਹ ਸਦੀਵ ਇਕੋ ਥਾਂ ਖੜੇ ਰਹਿੰ
ਨ ਤੇ ਦੂਜੇ ਝੰਡੇ (ਨਿਸ਼ਾਨ ਸਾਹਿਬ) ਜੰਗਮ ਹੁੰਦੇ ਹਨ ਜੋ ਇਕ ਥਾਂ ਤੋਂ ਚੁਕ ਕੇ ਦੂਜੀ ਥਾਂ ਲਿਜਾਏ ਜਾਂਦੇ ਹਨ। ਇ
ਗਮ ਨਿਸ਼ਾਨ ਦੀ ਠੀਕ ਲੰਬਾਈ ਨੇਜਾ ਭਰ ਅਰਥਾਤ ਡੂਢ ਮਸਾਤ੍ਰ (10 ਫ਼ੁਟ) ਦੀ ਹੁੰਦੀ ਹੈ ਅਧਾ ਉਚਾ ਅਥਵਾ ਪਾ
ਚਾ ਭੀ ਨਿਸ਼ਾਨ ਹੁੰਦਾ ਹੈ। ਲਕੜ ਦਾ ਛੜ ਹੁੰਦਾ ਹੈ ਥੱਲੇ ਗੱਡਨ ਲਈ ਸੁੰਬਾ ਲੋਹੇ ਦਾ ਲਗਾ ਹੁੰਦਾ ਹੈ ਜਿਸ
ਪਰ ਦੇ ਪਾਸੇ ਗੋਲਾ ਲੱਟੂ ਦੀ ਤਰ੍ਹਾਂ ਹੁੰਦਾ ਹੈ। ਹੋਰ ਸਾਰੀ ਬਨਾਵਟ ਦਾ ਦਹੁਆਂ ਝੰਡਿਆਂ ਦਾ ਇਕੋ ਹੀ ਢੰਗ ਹੈ।

ਖੰਡੇ ਅਥਵਾ ਛੜ ਦੇ ਉਤਲੇ ਸਿਰੇ ਪਰ ਲੋਹੇ ਦਾ ਭਾਲਾ ਕਟਾਰੇ ਦੇ ਫਲ ਦੀ ਵਜਹ ਦਾ ਇਸ ਦੇ ਹੇਠ
ਕਾ ਫਰਰਾ ਇਸ ਫਰਰੇ ਦੇ ਵਿਚ ਤਿੰਨ ਚਿਹਨ ਇਕ ਲੰਬਾ ਦੁਧਾਰੇ ਖੰਡੇ ਅਰਥਾਤ ਤਲਵਾਰ ਦਾ। ਇਸ ਉਤੇ ਇਕ
ਲਾਕਾਰ ਅਤੇ ਤਿਸ ਗੋਲਾਕਾਰ ਦੇ ਉਪਰ ਕਟਾਰੇ ਦਾ ਚਿਹਨ ਹੈ ਏਹ ਤਿੰਨੇ ਚਿਹਨ ਦੂਜੇ ਰੰਗਦਾਰ ਕਪੜੇ ਦੇ ਕ
ਰ ਇਸ ਫਰਰੇ ਵਿਚ ਸੀਪਕੇ ਲਗਾਇ ਜਾਂਦੇ ਹਨ। ਏਹ ਚਿੰਨ੍ਹ ਅਸਲ ਗੁਰੂ ਅਕਾਲ ਪੁਰਖ ਜੀ ਦੇ ਝੰਡੇ ਦੇ ਹਨ ਜਿਸਦੇ
ਠ ਸ਼ਾਰਾ ਖਾਲਸਾ ਪੰਥ ਹੈ ਐਸੇ ਤਿੰਨਾਂ ਚਿਹਨਾਂ ਵਾਲੇ ਫਰਰੇ ਦੇ ਉਤੇ ਅਤੇ ਭਾਲੇ ਦੇ ਹੇਠ ਇਕ ਫੈਂਟਾ (ਪਟਕਾ)
ਝਿਆ ਹੁੰਦਾ ਹੈ। ਜਿਸਦੇ ਦੋਨੋਂ ਲੜ ਛੁਟਕੇ ਹੁੰਦੇ ਹਨ। ਜਦ ਫਰਰੇ ਨੂੰ ਲਪੇਟਕੇ ਬੰਨ੍ਹਣਾ ਹੋਵੇ ਤਾਂ ਇਸ ਫੈਂਟੇ ਦੇ
ਟਕੇ ਹੋਏ ਲੜਾਂ ਦੇ ਨਾਲ ਬੰਨ੍ਹੀ ਦਾ ਹੈ ਅਤੇ ਹੋਰ ਸਾਰੇ ਖੰਭੇ ਅਥਵਾ ਛੜ ਦੇ ਉਪਰ ਕਪੜੇ ਦਾ ਪੁਸ਼ਾਕਾ ਚੜ੍ਹਾਇਆ
ਦਾ ਹੈ।

ਏਹ ਉਤੇ ਕਹੇ ਤਿੰਨਾਂ ਚਿਹਨਾਂ ਵਾਲਾ ਝੰਡਾ ਜੋ ਗੁਰੂ ਅਕਾਲਪੁਰਖ ਜੀ ਦਾ ਸ਼ਾਹੀ ਝੰਡਾ ਹੈ ਇਸਦੇ ਚਿਹਨਾਂ ਨੂੰ
ਦਲਨ ਸਦਲਨ ਅਥਵਾ ਵਧ ਘਟ ਕਰਨ ਦਾ ਕਿਸੀ ਨੂੰ ਭੀ ਅਖਤਿਆਰ ਨਹੀਂ ਹੈ।

ਜੇਕਰ ਇਸ ਵਿਚ ਥੋੜ੍ਹਾ ਭੀ ਫ਼ਰਕ ਕਰਕੇ ਝੰਡਾ ਬਣਾਵੇ ਓਹ ਝੰਡਾ ਗੁਰੂ ਅਕਾਲ ਪੁਰਖ ਜੀ ਦਾ ਨਹੀਂ
ਹੋਗਾ ਓਹ ਉਸ ਬਣਾਉਣੇ ਵਾਲੇ ਦੀ ਮਨਮੱਤ ਹੋਵੇਗੀ। ਸੋ ਐਸਾ ਝੰਡਾ ਬਣਾਉਣੇ ਅਤੇ ਰਖਣੇ ਲਗਾਉਣੇ ਵਾਲਾ
ਗੁਰੂ ਅਕਾਲ ਪੁਰਖ ਜੀ ਦੇ ਝੰਡੇ ਹੇਠੋਂ ਨਿਕਲ ਕਰ ਖਾਲਸਾ ਪੰਥ ਤੋਂ ਵਖਰੀ ਹੀ ਆਪਣੀ ਬਣਤ ਬਣਾਇ ਕਰ ਸ੍ਰੀ ਗੁਰੂ
ੀ ਦੇ ਨਾਲ ਅਤੇ ਗੁਰੂ ਅਕਾਲ ਪੁਰਖ ਜੀ ਦੇ ਖਾਲਸਾ ਪੰਥ ਦੇ ਨਾਲ ਸ਼ਰੀਕਾ ਕਰਦਾ ਹੈ ਜੈਸੇ ਮੀਣਿਆਂ ਧੀਰਮੱਲੀਆਂ
ਾਮਰਾਈਆਂ ਮਸੰਦਾਂ ਆਦਿਕਾਂ ਨੇ ਕੀਤਾ ਹੋਇਆ ਹੈ। ਏਹ ਲੋਕ ਭਾਵੇਂ ਖੰਡੇ ਦਾ ਅੰਮ੍ਰਿਤ ਭੀ ਛੱਕ ਲੈਣ, ਸਾਰੀਆਂ
ਾਲਸੇ ਜੀ ਦੀਆਂ ਰਹਤਾਂ ਜੁਗਤਾਂ ਭੀ ਧਾਰਨ ਕਰ ਲੈਣ ਪਰ ਜਦ ਤਕ ਆਪਣੇ ਝੰਡਿਆਂ ਹੇਠੋਂ ਨਿਕਲ ਕਰ ਗੁਰੂ
ਕਾਲ ਪੁਰਖ ਜੀ ਦੇ ਝੰਡੇ ਹੇਠ ਨਾ ਆਉਣ ਅਰਥਾਤ ਆਪਣੀਆਂ ਸੰਗਤਾਂ ਧਰਮਸਾਲਾਂ ਸਥਾਨਾਂ ਪਰ ਜੋ ਉਨ੍ਹਾਂ ਨੇ ਜੁਦੇ
ਚਿਹਨਾਂ ਵਾਲੇ ਨਿਸ਼ਾਨ ਬਣਾਇ ਹੋਏ ਹਨ ਉਨ੍ਹਾਂ ਨੂੰ ਹਟਾਇ ਕਰ ਗੁਰੂ ਅਕਾਲ ਪੁਰਖ ਜੀ ਦੇ ਨਿਸ਼ਾਨ ਨਾ ਖੜੇ ਕਰਨ
ਦ ਤਕ ਪੰਥ ਦੇ ਨਾਲ ਉਨ੍ਹਾਂ ਦਾ ਮੇਲ ਨਹੀਂ ਹੋ ਸਕਦਾ। ਤਾਂਤੇ ਗੁਰੂ ਅਕਾਲ ਪੁਰਖ ਜੀ ਦੇ ਨਿਸ਼ਾਨ ਸਾਹਿਬ ਜਿਉਂ
ਤਿਉਂ ਕਾਇਮ ਰਖਣੇ ਜ਼ਰੂਰੀ ਹਨ। ਕੋਈ ਜੁਦਾ ਚਿਹਨ ਵਾਲਾ ਆਪਣਾ ਨਿਸ਼ਾਨ (ਝੰਡਾ) ਬਣਾਇ ਕਰ ਗੁਰੂ ਜੀ ਦਾ
ਤੇ ਗੁਰੂ ਜੀ ਦੇ ਪੰਥ ਨਾਲ ਸ਼ਰੀਕਾ ਕਰਨ ਵਾਲਾ ਨਾ ਬਣੇ

ਨਿਸ਼ਾਨਾਂ ਸਾਹਿਬਾਂ ਦੇ ਪੁਸ਼ਾਕਿਆਂ ਦੇ ਤਿੰਨ ਰੰਗ ਹਨ ਪ੍ਰਿਥਮੇ ੧) ਚਿਟਾ, ੨) ਦੂਜਾ ਸੁਰਮਈ, ੩) ਤੀਜਾ
ਸੰਤੀ।

ਇਨ੍ਹਾਂ ਨਿਸ਼ਾਨਾਂ ਸਾਹਿਬਾਂ ਦਾ ਬੜਾ ਅਦਾਇਬ ਰਖਿਆ ਜਾਂਦਾ ਹੈ ਸਾਰੇ ਪੰਥ ਦਾ ਝੰਡੇ ਸਾਹਿਬ ਅਗੇ ਸਿਰ ਨਿਵਿਆਂ ਹੋਇਆ ਹੈ।

ਮਹੱਲਿਆਂ ਦੀ ਚੜ੍ਹਾਈ ਵਿਚ ਜੰਗਮ (ਮਨਕੂਲਾ) ਨਿਸ਼ਾਨ ਸਾਹਿਬ ਨਿਕਲਦੇ ਹਨ। ਇਸ ਸਮੇਂ ਨਿਸ਼ਾਨਾਂ ਸਾਹਿਬਾਂ ਦੇ ਦਰਸ਼ਨ ਦਾ ਮਹਾਤਮ ਗੁਰੂ ਜੀ ਦੇ ਦਰਸ਼ਨ ਦਾ ਮਹਾਤਮ ਹੈ। ਨਿਸ਼ਾਨ ਸਾਹਿਬ ਜਦ ਮਹੱਲੇ ਚੜ੍ਹਨ ਤਾਂ ਫਰਰੇ ਛੁਟੇ ਹੋਏ ਹੋਣੇ ਚਾਹੀਏ। ਇਨ੍ਹਾਂ ਦੇ ਨਾਲ ਜੋ ਗੁਰੂ ਜੀ ਦੇ ਸਿਖਾਂ ਖਾਲਸਿਆਂ ਦੀ ਭੀੜ ਹੁੰਦੀ ਹੈ ਤੇ ਭੀੜ ਦੇ ਅਗੇ ਅਗੇ ਨਿਸ਼ਾਨ ਸਾਹਿਬ ਹੁੰਦੇ ਹਨ ਐਸੀ ਸਵਾਰੀ ਜਾਂਦੀ ਦਾ ਜਲੋ ਵਾਲਾ ਦਰਸ਼ਨ ਮਾਨੋ ਅਕਾਲ ਪੁਰਖ ਜੀ ਦੀ ਅਥਵਾ ਸ੍ਰੀ ਗੁਰੂ ਦਸਮੇਸ਼ ਜੀ ਦੀ ਸਵਾਰੀ ਦਾ ਹੈ। ਗੁਰੂ ਅਕਾਲ ਪੁਰਖ ਜੀ ਦਾ ਸੰਗਤ ਵਿਚ ਆਵੇਸ਼ ਹੈ ਤੇ ਝੰਡੇ ਸਹਿਤ ਸਵਾਰੀ ਜਾ ਰਹੀ ਹੈ। ਐਸੇ ਮਹਾਤਮ ਦਾ ਭਾਵ ਸਰਧਾਲੂਆਂ ਸਿਖਾਂ ਨੂੰ ਪ੍ਰਾਪਤ ਹੁੰਦਾ ਹੈ। ਇਨ੍ਹਾਂ ਝੰਡਿਆਂ (ਨਿਸ਼ਾਨਾਂ ਸਾਹਿਬਾਂ) ਦੇ ਹੋਣ ਦਾ ਪ੍ਰੋਜਨ ਏਹ ਹੈ :

ਦੋਹਰਾ ॥ ਸ੍ਰੀ ਅਸਧੁਜ ਗੋਬਿੰਦ ਹਰਿ, ਗੁਰੁ ਕਰਣਾ ਕੇ ਖਾਨਿ।
ਜਾਂਕੋ ਯਹਿ ਝੰਡੇ ਅਹੈਂ, ਦੂਸਰ ਨਾਮ ਨਿਸ਼ਾਨ ॥

ਕਬਿਤ ॥ ਝੂਲਤੇ ਨਿਸ਼ਾਨਨ ਸੋਂ ਜਾਨਯੋ ਜਾਇ ਗੁਰੁ ਹਾਜਰ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਬਡਾਈ ਹੈ।
ਝੂਲਤੇ ਨਿਸ਼ਾਨਨ ਹੀ ਸੋਂ ਖਾਲਸੇ ਕੋ ਬੋਲਬਾਲਾ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਜੀਤਾਈ ਹੈ।
ਝੂਲਤੇ ਨਿਸ਼ਾਨ ਸੋਂ ਧੌਂਸੇ ਔ ਨਗਾਰੇ ਸਾਥ,
ਝੂਲਤੇ ਨਿਸ਼ਾਨਨ ਸੋਂ ਸ੍ਰੀ ਸਾਹਿਬ ਜੂ ਸਹਾਈ ਹੈ।
ਝੂਲਤੇ ਨਿਸ਼ਾਨ ਰਹੈਂ ਗੁਰੋਂ ਕੇ ਦੁਵਾਰਨ ਮੇਂ,
ਜੁਗੋ ਜੁਗ ਅਟਲ ਸੋਭਾ ਜਾਹਿ ਜਗ ਛਾਈ ਹੈ ॥

❖

# ਸਾਧ ਸੰਗਤ ਨੂੰ
# ਬਾਬਾ ਜੀ ਦੇ ਗੁਰਪੁਰਬ
# ਦੀ
# ਲੱਖ ਲੱਖ ਵਧਾਈ ਹੋਵੇ

# ਸ੍ਰੀਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ

[ਸ. ਰਾਮਨਰੈਣ ਸਿੰਘ ਦਰਦੀ]

ਜਿਹੜੇ ਬੂਹੇ ਤੋਂ ਖਾਲੀ ਨਾ ਕੋਈ ਗਿਆ, ਬੇਦੀ ਬੰਸ ਦਾ ਭਰਿਆ ਭੰਡਾਰ ਹੈ ਇਹ।
ਜੀਹਦੇ ਦਰ ਤੋਂ ਲੱਖਾਂ ਦੀ ਆਸ ਪੁਜੇ, ਸਾਹਿਬ ਸਿੰਘ ਬਾਬੇ ਦਾ ਦਰਬਾਰ ਹੈ ਇਹ।
ਜਿਥੋਂ ਧਰਮ ਈਮਾਨ ਕਲਿਆਨ ਮਿਲਦੀ, ਦਰ ਨਾਨਕ ਦਾ ਹੀ ਤਾਰਨਹਾਰ ਹੈ ਇਹ।
ਲਖਾਂ ਸਿੱਖਾਂ ਤੇ ਸੇਵਕਾਂ ਸੰਗਤਾਂ ਲਈ, ਈਹੋ ਓਟ ਤੇ ਈਹੋ ਅਧਾਰ ਹੈ ਇਹ।
ਕਿਸਮਤ ਸੜੇ ਤੇ ਭਾਗਾਂ ਦੇ ਮਰੇ ਹੋਏ, ਏਥੋਂ ਝੋਲੀਆਂ ਭਰ ਭਰ ਜਾਂਦੇ ਵੇਖੇ।
ਭੁਖ ਮਰਦੇ ਮਹਾਨ ਕੰਗਾਲ ਏਥੋਂ, ਬਖਸ਼ਸ਼ ਲੈ ਕੇ ਰਜ ਕੇ ਖਾਂਦੇ ਵੇਖੇ।

ਬਾਬਾ ਸਾਹਿਬ ਸਿੰਘ ਜੀ ਏਸ ਅਸਥਾਨ ਵਾਲੇ, ਜਿਨ੍ਹਾਂ ਲਖਾਂ ਦਾ ਹੈਸੀ ਉਧਾਰ ਕੀਤਾ।
ਖੜਕ ਸਿੰਘ ਨੂੰ ਪੁਤਰ ਦੀ ਦਾਤ ਦਿਤੀ, ਮੰਗਲ ਸਿੰਘ ਦਾ ਕੋਹੜ ਉਤਾਰ ਦਿਤਾ।
ਮੋਈ ਮਾਈ ਨੂੰ ਜ਼ਿੰਦਗੀ ਪਰਤ ਦਿਤੀ, ਇਕ ਪਠਾਣ ਤੇ ਤਾਰ ਠਠਿਆਰ ਦਿਤਾ।
ਕਰਮ ਸਿੰਘ ਰਾਜੂ ਤੇ ਗੁਰਦਿਆਲ ਭਾਈ, ਵਸਤੀ ਰਾਮ ਦਾ ਬੇੜਾ ਵੀ ਤਾਰ ਦਿਤਾ।
ਫਤਹਿ ਸਾਰੇ ਜਹਾਨ ਨੂੰ ਕਰਨ ਵਾਲਾ, ਦਰਸ਼ਨ ਬਾਬੇ ਜੀ ਦਾ ਕਰਕੇ ਹਰ ਗਿਆ ਉਹ।
ਮਾਰਨ ਵਾਲਾ ਬਹਾਦਰਾਂ ਯੋਧਿਆਂ ਨੂੰ, ਵੱਜਾ ਨੈਣਾਂ ਦਾ ਤੀਰ ਤੇ ਮਰ ਗਿਆ ਉਹ।

ਜੀਹਦੀ ਸ਼ਕਤੀ ਭਗਉਤੀ ਨੂੰ ਵੇਖ ਕੇ ਤੇ, ਰਾਜੇ ਮਹਾਰਾਜੇ ਤੇ ਸੁਲਤਾਨ ਹਰ ਗਏ।
ਜੀਹਦੀ ਤਪ ਸਿਮਰਨ ਵਾਲੀ ਵੇਖ ਬਿਰਤੀ, ਸਾਧ, ਸੰਤ, ਫ਼ਕੀਰ, ਤਪਵਾਨ ਹਰ ਗਏ।
ਜੀਹਦੀ ਯੁਧ ਦੀ ਵੇਖ ਬਹਾਦਰੀ ਨੂੰ, ਸੂਰਬੀਰ ਯੋਧੇ ਤੇ ਬਲਵਾਨ ਹਰ ਗਏ।
ਜੀਹਦੀ ਬੁਧੀ ਬਬੇਕ ਦੀ ਵੇਖ ਕੇ ਤੇ, ਕਈ ਵਿਦਵਾਨ, ਪੰਡਤ, ਗਿਆਨਵਾਨ ਹਰ ਗਏ।
ਸਾਹਿਬ ਸਿੰਘ ਬਾਬਾ ਜੀ ਦੀ ਸਾਹਿਬੀ ਨੂੰ ਤਕ ਕੇ ਚਵੀਂ ਪਾਸੀਂ ਸੀ ਅਸਮਾਨ ਝੁਕਦਾ।
ਮਥੇ ਚਮਕਦੇ ਨੂਰ ਨੂੰ ਵੇਖ ਕੇ ਤੇ, ਰਾਤੀਂ ਚੰਦ ਝੁਕਦਾ ਦਿਨੇ ਭਾਨ ਝੁਕਦਾ।

ਬਾਬਾ ਸਾਹਿਬ ਦੀ ਤਕ ਬਹਾਦਰੀ ਨੂੰ, ਹੈਸੀ ਸ਼ੇਰੇ-ਪੰਜਾਬ ਸਤਿਕਾਰ ਕਰਦਾ।
ਉਹਨੂੰ ਦੁਨੀਆਂ ਪਿਆਰ ਭੁਲਾ ਕਰੇ ਕਿਉਂ ਨਾ, ਕਲਗੀ ਵਾਲਾ ਸੀ ਜੀਹਨੂੰ ਪਿਆਰ ਕਰਦਾ।
ਜੀਹਦੇ ਜਾਹੋ-ਜਲਾਲ ਨੂੰ ਵੇਖ ਕੇ ਤੇ, ਚੜ੍ਹਦੇ ਸਾਰ ਸੂਰਜ ਨਮਸ਼ਕਾਰ ਕਰਦਾ।
ਜੀਹਦੇ ਗਲੇ ਚੋਂ ਜਪੁਜੀ ਦੀ ਧੁੰਨੀ ਸੁਣ ਕੇ, ਨਾਨਕ ਗੁਰੂ ਸੀ ਲਾਡ ਹਜ਼ਾਰ ਕਰਦਾ।
ਸਦਕੇ ਜਾਂ ਤੈਥੋਂ ਰਾਜ ਜੋਗੀਆ ਵੇ, ਸਾਰਾ ਜਗ ਤੂੰ ਕਿਵੇਂ ਝੁਕਾ ਦਿਤਾ।
ਕੁਝ ਤੂੰ ਤੇਗ਼ ਦੇ ਨਾਲ ਝੁਕਾ ਦਿਤਾ, ਕੁਝ ਤਪ, ਦੇ ਨਾਲ ਨਿਵਾ ਦਿਤਾ।

# ਬਾਲ-ਲੀਲਾ ਤੇ ਮੁੱਲਾਂ ਪਾਸ ਪੜ੍ਹਨਾ

(ਜਨਮਸਾਖੀ ਮਿਹਰਬਾਨ ਜੀ ਸੋਢੀ)

[ਸੰਪਾਦਕ ਪ੍ਰੋ. ਕ੍ਰਿਪਾਲ ਸਿੰਘ ਜੀ]

## ਗੋਸਟਿ ਗੁਰੂ ਬਾਬਾ ਨਾਨਕ ਜੀ ਕੀ

ਜਬ ਬਾਬਾ ਨਾਨਕ ਜੀ ਅਠਾਂ ਬਰਸਾਂ ਕਾ ਹੂਆ ਤਬ ਬਾਲਕਾਂ ਸਾਥਿ ਖੇਲੈ । ਦਸ ਬੀਸ ਬਾਲਕ ਸਾਥਿ ਹੋਇ, ਤਿਨਹੁੰ ਸਾਥਿ ਪਰਮੇਸੁਰ ਹੀ ਕੀਆਂ ਬਾਤਾਂ ਕਥਾ ਬਾਰਤਾ ਕਰੈ । ਉਨ ਕਾ ਅਭਿਆਸੁ ਭੀ ਇਹੀ ਬਾਤ ਪਰਮੇਸੁਰ ਹੀ ਕੀ ਸੁਨਣੈ ਕਉ ਜੀਉ ਹੋਇ, ਹੋਰੁ ਕਾਈ ਬਾਤ ਚਲਾਵਹਿ ਨਾਹੀ । ਜਿ ਸਾਖੀ ਕਹਾਨੀ ਗੁਰੂ ਬਾਬਾ ਨਾਨਕੁ ਜੀ ਕਰੈ ਸਾ ਪਰਮੇਸੁਰ ਹੀ ਕੀ ਕਰੈ । ਓਹਿ ਜਿ ਸੰਗਿ ਬਾਲਕ ਹੋਹਿ ਗੁਰੂ ਬਾਬੇ ਨਾਨਕ ਜੀ ਕੈ ਸਿ ਏਈ ਗੋਬਿੰਦ ਹੀ ਕੀਆਂ ਕਥਾ ਸੁਨਿਆ ਕਰਹਿ । ਓਹਿ ਬਾਲਕ ਕੋਈ ਪੰਚ ਬਰਸ ਕਾ, ਕੋਈ ਸਾਤ ਬਰਸ ਕਾ, ਕੋਈ ਆਠ ਬਰਸ ਕਾ, ਓਹਿ ਬਾਲਕ ਦਿਨੁ ਰਾਤਿ ਗੁਰੂ ਬਾਬੇ ਨਾਨਕ ਜੀ ਹੀ ਕੈ ਮਗਰਿ ਲਾਗੇ ਫਿਰਹਿ । ਉਨ ਕਾ ਜੀਉ ਗੁਰੂ ਬਾਬੇ ਨਾਨਕ ਹੀ ਸਾਥਿ, ਨ ਉਨਹੁ ਖਾਣੈ ਕੀ ਨ ਉਨਹੁ ਪੀਣੇ ਕੀ । ਬਾਬੇ ਹੀ ਸਾਥਿ ਉਨ ਕੀ ਪ੍ਰੀਤਿ । ਜੇ ਮਾਤਾ ਪਿਤਾ ਧਿੜਾਂਣੈ ਹੀ ਉਨ ਕਉ ਲੇ ਜਾਇ, ਖਲਾਵੈ ਤਉ ਖਾਹਿ । ਨਾਤਰ ਖਾਣ ਪੀਣ ਕੀ ਚਿੰਤਾ ਕਾਈ ਨ ਕਰਹਿ, ਸਭ ਪਰਮੇਸੁਰ ਕਾ ਨਾਮੁ ਲੇਹਿ । ਪਣੁ ਬਾਲਕ ਖੇਲਣੈ ਭਾਇ ਖੇਲਨਿ । ਖੇਲਣੈ ਕੈ ਸੁਭਾਇ ਖਾਣਾ ਬਿਸਰਿ ਜਾਇ । ਬਾਬੇ ਨਾਨਕ ਕੀ ਪ੍ਰੀਤਿ । ਤਬ ਗੁਰੂ ਬਾਬੇ ਨਾਨਕ ਜੀ ਕਉ ਦਾਦੇ ਕਾਲੂ ਮੁਸਲਮਾਨੀ ਪੜਾਵਣੈ ਕੀ ਮਨਸਾ ਕਰੀ ਜਿ ਨਾਨਕ ਕਉ ਤੋਰਕੀ ਪੜਾਵਉ । ਤਬ ਦਾਦੇ ਕਾਲੂ ਮਕਦੂਮੁ ਸਦਾਇ ਕਰਿ ਕਹਿਆ ਜਿ, "ਮੁਲਾ ਜੀ ! ਨਾਨਕ ਕੈ ਤਾਈ ਤੂ ਪੜ੍ਹਾਇ ।"

ਤਬ ਮੁਲਾ ਕਹਿਆ ਜਿ, "ਹਾਂ ਜੀ, ਭਲਾ ਹੋਵੈ ਸਬਾਹੁ ਬੁਧਵਾਰੁ ਹੈ ਭੁਸੀ ਨਾਨਕੁ ਮੇਰੈ ਹਵਾਲੈ ਕਰਹੁ, ਨਾਨਕ ਕਉ ਮੈ ਖਿਜਮਤਿ ਕਰੇਸਾਂ । ਤੁਸਾਡੇ ਦਰ ਅਗੈ ਮਕਤੂਮੁ ਹੈ, ਸੁਬਾਹ ਆਵਹੁ ਜੇਹੀ ਅਸਾਡੀ ਪੜਾਵਨੈ ਦੀ ਖਿਜਮਤਿ ਹੋਸੀ ਤੇਹੀ ਕਰੇਸਾ ਹੈ । ਜੇ ਖੁਦਾਇ ਭਾਵੈ ਏਹੁ ਤੇਡਾ ਬੇਟਾ ਵਲੀ ਖੁਦਾਇ ਦਾ ਹੈ ਝਬ ਹੀ ਪੜਿ ਵੈਸੀ । ਐਨਿਸਾਲਾਹਤਾਲਾ ਅਸੀ ਏਸ ਦੇ ਪੜਾਵਣੇ ਨੋ ਤਕਸੀਰ ਨ ਕਰੇਸਾ ਹ਼ੇ । ਸੁਬਾਹ ਮਰਦਾਂ ਮੈ ਤਖਤੀ ਲਿਖ ਦੇਸਾ ਅਲਫ ਬੇ ਦੀ" । ਮੁਲਾ ਆਖਦੋ ਹੋਇਆ । ਸੁਬਾਹ ਜਬ ਹੋਈ ਤਬ ਤਖਤੀ ਲੇ ਕਰਿ ਦਾਦਾ ਕਾਲੂ ਗੁਰੂ ਬਾਬੇ ਨਾਨਕ ਕੈ ਤਾਈ ਮੁਲਾ ਪਾਸਿ ਲੈ ਗੈਆ । ਮੁਲਾ ਕਤੇਬ ਵਾਚਿ ਦੇਖੀ ਜਿ ਅਜੁ ਭਲਾ ਰੋਜੁ ਹੈ । ਬੁਧਵਾਰ ਕੈ ਦਿਨਿ ਮੁਲਾ ਤਖਤੀ ਲਿਖਿ ਦਿਤੀ ਰੁਪਯਾ ਭੇਟ ਮੁਲਾ ਨੋ ਮਿਲਿਆ । ਬਾਬਾ ਨਾਨਕੁ ਜੀ ਤੋਰਕੀ ਪੜਣੇ ਪਾਇਆ, ਤੋਰਕੀ ਦਾਦੇ ਕਾਲੂ ਪਾਇਆ । ਜਬ ਗੁਰੂ ਬਾਬਾ ਨਾਨਕੁ ਜੀ ਪੜਣੈ ਪਇਆ ਤੋਰਕੀ ਤਬ ਉਨਹੁ ਬਾਲਕਹੁ ਸੁਣਿਆ ਕਿ ਨਾਨਕ ਜੀ ਪੜ੍ਹੂੰ ਪਇਆ ਹੈ, ਓਹਿ ਸਭਿ ਬਾਬੇ ਨਾਨਕ ਦੀ ਮੁਹਬਤਿ ਦੇ ਲੀਤੇ ਸਭਿ ਤੋਰਕੀ ਲਗੇ ਪੜ੍ਹਣੈ । ਅਲਫੁ ਬੇ ਤੇ ਸੇ ਜੀਮੁ ਹੇ ਖ਼ੇ ਦਾਲੁ ਜਾਲੁ ਰੇ ਜੇ ਸੀਨੁ ਸ਼ੀਨੁ ਸੁਆਦੁ ਜੁਆਦੁ ਤੁਏ ਜੁਏ ਐਨੁ ਗੈਨੁ ਫੇ ਕਾਫੁ ਕਾਫੁ ਲਾਮੁ ਮੀਮੁ ਨੂਨ ਵਾਉ ਹੇ ਹਮਜਾ ਅਲਫੁ ਯੇ । ੧।

ਤਬ ਏਹੁ ਤਖਤੀ ਪਹਿਲੀ ਗੁਰੂ ਬਾਬਾ ਨਾਨਕੁ ਜੀ ਲਾਗਾ ਪੜਣੈ । ਜੇ ਕਿਛੁ ਮੁਲਾ ਆਖੈ ਏਕ ਬਾਰਿ ਸੋ ਗੁਰੂ ਬਾਬਾ ਹਰਫੁ ਜਬਤਿ ਕਰਿ ਲਏ । ਜਿਤੁ ਸੰਨਤਿ ਮੁਲਾਂ ਤਖਤੀ ਲਿਖਿ ਪੜਿ ਸੁਣਾਏ ਤਿਤੈ ਸੰਨਤਿ ਗੁਰੂ ਬਾਬਾ ਨਾਨਕੁ ਜੀ ਤਖਤੀ ਜਬਤਿ ਕਰਿ ਲਏ । ਮੁਲਾਂ ਵੀ ਹੈਰਾਨੁ ਹੋਇ ਗਇਆ ਜੇ ਸੁਬਹਾਨ ਰੱਬਲਿ ਆਲਮੀਨ ਤੋਰਕੀ ਦਾ ਪੜਣਾ ਅਰੁ ਇਕੈਰਾ ਹੀ ਹਉ ਏਸ ਕੈ ਤਾਂਈ ਕਹਦਾ ਹਾਂ ਸੋ ਕਿਤਾਬਤਿ ਖਤੁ ਜਬਤਿ ਕਰਦਾ ਹੈ, ਏਹੁ ਕੋਈ ਵਲੀ ਹੈ ਜਿ ਇਕੈਰਾ ਦਾ ਆਖਿਆ ਹਰਫੁ ਚਟਕ ਦੇ ਸਿਖਿ ਲੈਂਦਾ ਹੈ । ਤਬ ਮੁਲਾਂ ਹੈਰਾਨੁ ਹੋਇ ਕਰਿ ਕਹਿਆ ਜੇ, "ਸੁਬਹਾਨ ਯਾ

ਰੱਬਲਿ ਆਲਮੀਨ ! ਏਹਾ ਫਹਮੁ ਮੈ ਕਿਸੇ ਕਾ ਨਾਹੀ ਦੇਖਿਆ । ਇਸੁ ਦੇ ਤਾਂਈ ਵਡੀ ਇਨਾਇਤਿ ਰਬੁਲਿ ਆਲਮੀਨ ਦੀ ਹੈ, ਨਾਨਕ ਜੀ ਦੈ ਤਾਈ ਜਿ ਇਸੁ ਜਹਾਨ ਵਿਚਿ ਇਉ ਕੋਈ ਨਾਹੀ ਪੜਿ ਸਕਦਾ ਜੋ ਸੁਣਿ ਕਰਿ ਜਬਤਿ ਕਰ ਲਏ । ਏਹੁ ਕੋਈ ਵਲੀ ਹੈ ਜਿ ਸੁਣਦਿਆਂ ਸਾਰ ਜਬਤਿ ਕਰਿ ਲੈਦਾ ਹੈ" । ਕਿਤਨਿਆਂ ਕਿ ਦਿਨਾਂ ਵਿਚਿ ਗੁਰੂ ਬਾਬਾ ਨਾਨਕੁ ਦਫਤਰ ਦਾ ਹਸੇਬੁ, ਜਮਾ ਖ਼ਰਚ, ਵਾਸਲ ਜਿਤਨਾ ਸਾ ਸਭੁ ਮੁਲਾਂ ਤੇ ਸਿਖਿ ਲੀਆ । ਜਹਾਨੁ ਹੈਰਾਨੁ ਹੋਇ ਰਹਿਆ ਜਿ, "ਭਾਈ ਬਹੁਤ ਪਹੁਚਿ ਹੈ ਇਸ ਬਾਲਕ ਦੀ, ਜਿ ਇਤਨਿਆਂ ਕਿ ਦਿਨਾਂ ਵਿਚਿ ਪੜਿ ਪਹੁਚਿਆ" ।

ਤਬ ਹੈਰਾਨੁ ਹੋਇ ਕਰਿ ਮੁਲਾ ਨੇ ਕਹਿਆ ਜਿ, "ਏ ਖ਼ੁਦਾਇ ! ਏਨਾ ਚਿਮਨਿਆਂ ਦਸ ਦਸ ਬਰਸਿ ਪੜਦਿਆਂ ਹੋਏ ਹੈਨਿ । ਅਜਹੂ ਹਰਫ ਸਨਾਖ਼ਤਿ ਨਾਹੀ ਹੋਏ । ਅਰੁ ਏਸ ਨੋ ਇਨਾਇਤਿ ਹਕ ਤਾਲਹ ਦੀ ਹੈ ਜਿ ਥੋੜਿਆਂ ਹੀ ਦਿਨਾਂ ਵਿਚਿ ਪੜਿ ਹਾਫਜੁ ਹੋਆ ਹੈ" । ਤਬ ਹਿੰਦੂ ਮੁਸਲਮਾਨੁ ਕਾਜੀ ਮੁਲਾਂ ਜਿ ਕੋਈ ਗੁਰੂ ਬਾਬੇ ਨਾਨਕ ਜੀ ਪਾਸਿ ਆਵੈ ਤਿਸੁ ਦੇ ਤਾਂਈ ਗੁਰੂ ਬਾਬਾ ਨਾਨਕ ਨਸੀਹਤਿ ਦੇਵੈ ਦੀਨ ਦੇ ਰਾਹਿ ਦੀ । ਜਹਾਨੁ ਸਭੁ ਸਿਫਤਿ ਲਗ ਕਰਨੇ ਜਿ ਬਡਾ ਖੁਦਾਇ ਦਾ ਪਿਆਰਾ ਹੈ ਨਾਨਕੁ ਬੇਦੀ ਕਾਲੂ ਬੇਦੀ ਦਾ ਪੁਤ੍ਰ । ਗੁਰੂ ਬਾਬਾ ਨਾਨਕੁ ਜੀ ਮੁਸਲਮਾਨਾਂ ਵਿਚਿ ਮੁਸਲਮਾਨਾਂ ਦੀ ਨਿਸ਼ਾ ਕਰੇ । ਹਿੰਦਵੀ ਵਿਚਿ ਹਿੰਦਵਾਂ ਦੀ ਨਿਸ਼ਾ ਕਰੇ । ਸਭੁ ਲੋਕੁ ਸੰਤੋਖਿਆ ਜਾਇ । ਸਭ ਕੋਈ ਆਖੈ ਜੋ ਨਾਨਕ ਜੰਮਦੇ ਹੀ ਨੋ ਮਿਹਰ ਖੁਦਾਇ ਦੀ ਹੋਈ ਹੈ ਹਿੰਦਵੀ ਪਾਰਸੀ ਅਰਬੀ ਤੋਰਕੀ ਗੁਰੂ ਬਾਬੇ ਨਾਨਕ ਸਭ ਜਬਤਿ ਕੀਏ । ਜਬ ਮਹੀਨੇ ਕਿਤਨਿਆ ਕਿ ਹੋਏ ਤਬ ਗੁਰੂ ਬਾਬਾ ਨਾਨਕੁ ਜੀ ਹੈਰਾਨੁ ਹੋਇ ਗੈਆ, ਬੇਖ਼ੁਦੁ ਹੋਇ ਗੈਆ । ਨ ਬੋਲੈ ਨ ਬਕੈ, ਨ ਸਵੈ ਨ ਜਾਗੈ, ਨ ਕਿਸੀ ਕੀ ਤਰਫ ਦੇਖੈ ਨ ਸੁਣੈ, ਨ ਸੁਮਾਰ ਕੈ ਘਰ ਹੋਇ ਗੈਆ । ਤਬ ਦਾਦੇ ਕਾਲੂ ਮੁਲਾਂ ਸਦਾਇਆ । ਬਾਬੇ ਨਾਨਕ ਕੈ ਤਾਂਈ ਮੁਲਾਂ ਆਇ ਕੈ ਵਦੀਫ਼ਾ ਪੜਿਆ ਅਰੁ ਅਫਜੂ ਕੈ ਤਵੀਤ ਲਿਖਿ ਲਿਖਿ ਬੰਨ੍ਹੇ ।

ਤਬ ਗੁਰੂ ਬਾਬਾ ਨਾਨਕੁ ਜੀ ਬੋਲੈ ਮੁਤਲਕ ਨਾਹੀ । ਤਬ ਜਿਤਨਾ ਲੋਕੁ ਥਾ ਸਭੁ ਗੁਰੂ ਬਾਬੇ ਨਾਨਕ ਕਉ ਦੇਖਣੇ ਆਇਆ । ਲੋਕ ਕਹਣ ਲਾਗੇ, "ਯਾਰੋ ! ਨਾਨਕ ਦੇ ਤਾਈ ਕਿਛੁ ਖੁਦਾਇ ਦੀ ਬਾਤ ਹੋਇ ਗਈ ਹੈ, ਕਿਸਿ ਹੈਰਾਨਗੀ ਦੇ ਘਰਿ ਹੋਇ ਗੈਆ ਹੈ । ਕਿਛੁ ਨਾਹੀ ਜਾਣੀਤਾ ਜਿ ਕਿਆ ਹੋਇ ਗੈਆ ਹੈ ਜਿ ਬੋਲਤਾ ਬਕਤਾ-ਕਿਸੀ ਸਾਥਿ ਨਾਹੀ" । ਤਬ ਮੁਲਾਂ ਬਹੁਤੁ ਦਿਲਗੀਰੁ ਹੋਇ ਗੈਆ । ਬਾਬੇ ਨਾਨਕ ਕੀ ਤਰਫ ਦੇਖਿ ਕਰਿ । ਤਬ ਓਹੁ ਮਕਦੂਮੁ ਜਿ ਗੁਰੂ ਬਾਬੇ ਨਾਨਕ ਦੈ ਤਾਂਈ ਪੜਾਇਦਾ ਸੀ ਸਿ ਬਾਬੇ ਨਾਨਕ ਪਾਸਿ ਆਇ ਬੈਠਾ । ਤਬ ਉਨਿ ਮੁਲਾਂ ਕਹਿਆ ਜਿ "ਏ ਨਾਨਕ ਜੀ ! ਤੂੰ ਆਪਣੇ ਖੁਦਾਇ ਦੇ ਨਾਇ ਬੋਲੁ । ਰਜਾਇ ਖੁਦਾਇ ਆਪਣੇ ਖੁਦਾਇ ਦੇ ਅਰਥ ਬੋਲਿ, ਏਕੁ ਭੋਰਾ ਤੂ ਬੋਲਿ ਰਜਾਇ ਖ਼ੁਦਾਇ" ।

ਜਬ ਮੁਲਾਂ ਕਹਿਆ ਜਿ ਰਜਾਇ ਖੁਦਾਇ ਬੋਲਿ, ਤਬ ਗੁਰੂ ਨਾਨਕ ਜੀ ਮੁਲਾਂ ਦੀ ਤਰਫ ਚਸਮਾ ਲਾਇ ਕਰਿ ਉਠੀ ਬੈਠਾ । ਤਬ ਮੁਲਾਂ ਖੁਸੀ ਹੋਇ ਕਰ ਦੁਆਇ ਪੜੀ ਜਿ, "ਰਖ ਪੀਰਾਂ ਦੀ ਹੋਵੈ ਤਉ ਕੂ । ਕੂਵਤਿ ਮੁਰਤਜਾ ਅਲੀ ਦੀ ਹੋਵੈ ਤਉ ਕੂ । ਪਨਾਹ ਖੁਦਾਇ ਦੀ ਹੋਵੈ ਤਉ ਕੂ । ਮਦਾਹ ਹਜਰਥ ਰਸੂਲ ਦੀ ਹੋਵੈ ਤੇਰੇ ਤਾਂਈ । ਨਾਨਕ ਜੀ ਤੂ ਬਖਸਿਆ ਰੂਹੁ ਖੁਦਾਇ ਦਾ ਹੈ । ਹਕ ਤਾਲਹ ਤੂ ਬਖਸਿਆ ਹੈ । ਪਰੁ ਜੀ ਬਹੁਤੁ ਲੋਕ ਤੇਰੇ ਏਸੁ ਅਣਬੋਲਣੇ ਸਾਥਿ ਰੰਜ ਹੋਇ ਗਏ ਹੈਨਿ । ਤੂੰ ਇਕੇਰਾ ਏਨਾ ਲੋਕਾ ਕੂ ਬੁਲਾਇ ਕਰਿ ਜਬਾਬੁ ਦੇਹਿ । ਤੂੰ ਬੁਲਾਇ ਜਿ ਖਾਤਰਿ ਸਭਨਾ ਦੀ ਖੁਸੀ ਹੋਵੈ ।" ਤਬ ਗੁਰੂ ਬਾਬਾ ਨਾਨਕੁ ਜੀ ਮੁਲਾ ਮਕਦੂਮੁ ਸਾਥਿ ਬੋਲਿਆ । ਤਰੀਕਤਿ ਦੇ ਘਰਿ ਬਾਨੀ ਬੋਲਿ ਉਠਿਆ । ਤਿਲੰਗ ਰਾਗ ਮਹਿ ਜਿ :—

"ਦੁਨੀਆਂ ਮੁਕਾਮੇ ਫਾਨੀ । ਤਹਕੀਕੁ ਦਿਲ ਦਾਨੀ ॥
ਮਮਸਰਿ ਮੂਇ ਅਰਜਾਈਲ ਗ੍ਰਿਫਤਾ ਦਿਲ ਹੇਚ ਨਦਾਨੀ ॥ ਰਹਾਉ ॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਸੁਨਿ ਹੋ ਮੁਲਾ ! ਮੈ ਕਿਸੁ ਸਾਥਿ ਬੋਲਉ ਜਾਂ ਦੁਨੀਆਂ ਸਭੁ ਫਨਾਇ ਹੋਗੀ, ਈਹਾ ਰਹਤਾ ਕੋਈ ਨਾਹੀ ਜਿਸ ਸਾਥਿ ਮੈ ਬੋਲਉ । ਜਿਤਨੀ ਦੁਨੀਆਂ ਖੁਦਾਇ ਤਾਲਹ ਪੈਦਾ ਕੀਨੀ ਹੈ ਸਭ ਫਾਨੀ ਮੁਕਾਮੁ ਹੈ । ਰਹਣਾ ਕਿਸੀ ਨਾਹੀ । ਏਹੁ ਬਾਤ ਮੈ ਦਿਲ ਨਾਲਿ ਲਾਇ ਤਹਕੀਕੁ ਕੀਤੀ ਹੈ । ਜਿ ਬੰਦੇ ਦੇ ਸਿਰ ਦੇ ਵਾਲ ਅਰਜਾਈਲੁ ਪਕੜੀ ਖੜਾ ਹੈ । ਬਿੰਦਕ ਵਿਚਿ, ਇਕਸੁ ਚਸੇ ਵਿਚਿ ਲੈਗਾ ਕਿ ਲੈਗਾ । ਬੰਦੇ ਨੂੰ ਹਰਗਿਜ ਖਬਰਿ ਹੀ ਨਾਹੀ ਕਿ ਜੇ ਮੇਰੇ ਮਥੇ ਦੇ ਵਾਲ ਅਜਰਾਈਲ ਦੇ ਹਥਿ ਹੈਨਿ । ਬੰਦੇ ਨੋ ਖਬਰਿ ਮੁਤਲਕਿ ਨਾਹੀ ਮੇਰੈ ਦਿਲਿ ਏਹਾ ਹੈਰਾਨਗੀ ਹੈ ਜਿ ਕੁਲਿ ਜਹਾਨੁ ਅਜਰਾਈਲ ਕਾ ਪਕੜਿਆ ਫਿਰਦਾ ਹੈ ਅਰੁ ਇਫਾਲ ਏਹੁ ਕਰਦਾ ਹੈ । ਅਰੁ ਮਰਣੇ ਦੀ ਖਬਰਿ ਨਾਹੀ ਜੇ ਕਿਆ ਹਮਰੈ ਸਿਰਿ ਹੋਇਗਾ । ਮੈਨੋ ਏਹਾ ਹੈਰਾਨਗੀ ਨੂੰ ਜਿ ਏਸੁ ਬੰਦੇ ਨੋ ਹੋਰੁ ਕਿਉ ਕਰਿ ਆਵਦਾ ਹੈ ਕਰਣਾ ਬਿਨਾ ਸਾਹਿਬ ਦੇ ਨਾਮ ਥੀ । ਏਹੁ ਤਾ ਹੁਣਿ ਘੜੀ ਚਸੇ ਨਾਲਿ ਫਨਾਇ ਹੋਇ ਜਾਂਦਾ ਹੈ । ਦੇਖਾ ਏਹੁ ਜਿ ਅਚਿੰਤੁ ਹੋਇਆ ਫਿਰਦਾ ਹੈ ਸਿ ਕਿਉ ਫਿਰਦਾ ਹੈ । ਏ ਮਕਦੂਮ ਜੀ ! ਮੈਨੋ ਇਸੇ ਹੈਰਾਨੁਗੀ ਦੀ ਚੁਪ ਲਗੀ ਹੈ" ।

ਤਬ ਮੁਲਾਂ ਕਹਿਆ ਜਿ, "ਏ ਨਾਨਕ ਜੀ ! ਤੇਰੇ ਏਸੁ ਗ਼ਮੁ ਖਾਣੇ ਸਾਥਿ ਏਹਿ ਲੋਕ ਸਭ ਰੰਜੁ ਹੋਇ ਗਏ ਹੈਨਿ, ਅਤੇ ਨਾਨਕ ਜੀ ! ਤੂੰ ਅਜਹੂ ਛੋਟਾ ਹੈ, ਹੁਣੇ ਏਨ੍ਹਾ ਬੰਦਗੀਆਂ ਵਿਚਿ ਨ ਪਉ । ਜਾਂ ਪੁਰੁ ਜੁਆਨੁ ਹੋਸਹਿ ਤਾ ਜਾਣਹਿ ਸਿ ਕਰਸਹਿ । ਪਣੁ ਹੁਣਿ ਤੂੰ ਹਿਸ਼ਾਰ ਹੋਹਿ ਅਜਹੂ ਉਮਰ ਵਡੀ ਹੈ" । ਤਬ ਬਾਬੇ ਨਾਨਕ ਜੀ ਕਹਿਆ ਜੇ, "ਏ ਮਕਦੂਮ ਜੀ ! ਸਾਹਿਬ ਦਾ ਲਉਡਾ ਹੋਵੈ ਦਿਨਾਂ ਵਿਚਿ ਛੋਟਾ ਹੋਵੈ ਜਿਤਨਾ ਕੁ ਉਸੁ ਲਉਡੇ ਦੀ ਪਹੁਚਿ ਹੋਵੈ ਕੰਮ ਦੀ ਜਾ ਓਤਨਾ ਕੁ ਕੰਮੁ ਕਰੈ ਤਾ ਖਸਮ ਨੋ ਭਾਵੈ ਕਿ ਬਹਿ ਰਹੈ ਤਾ ਓਹੁ ਖਸਮ ਕੂ ਭਾਵੈ ?" ਤਬ ਮੁਲਾਂ ਕਹਿਆ ਜੇ, "ਜਿਤਨੀ ਕੁ ਗੁਲਾਮ ਦੀ ਪਹੁਚਿ ਹੋਵੈ ਜਾਂ ਉਤਨੀ ਕੁ ਖਿਜਮਤਿ ਸਾਹਿਬ ਦੀ ਕਰੈ ਤਾ ਸਾਹਿਬ ਨੋ ਭਾਵੈ ਨਾਂਹੀ ਤਾਂ ਹਰਾਮ ਖੋਰੁ ਹੋਵੈ ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਮਕਦੂਮ ਜੀ ! ਮੇਰੈ ਤਾਂਈ ਹਰਾਮੁ ਖੋਰੀ ਦਸਦਾ ਹੈ । ਜਿਥਹੁ ਲਾਇ ਏਸਦੀ ਪਹੁਚਿ ਹੈ ਤਿਥਹੁ ਲਾਇ ਏਹੁ ਸਾਹਿਬ ਦੀ ਸੇਵਾ ਕਰਉ । ਜਿਥਹੁ ਲਾਇ ਏਸਦੀ ਪਹੁਚਿ ਨਾਹੀ ਪਹੁਚਣੈ ਦੀ ਤਿਥਹੁ ਲਾਇ ਏਹੁ ਅਰਜੁ ਕਰੈ ਸਾਹਿਬ ਪਾਸਿ ਜਿ"

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਰਦਗਾਰ ॥੧॥"

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਸਾਹਿਬ, ਤੇਰੇ ਪਾਸਿ ਇਕੁ ਅਰਜੁ ਹੈ, ਤੂ ਕੰਨੁ ਦੇ ਕੈ ਸੁਣਿ । ਜੀ, ਤੂ ਹਕੁ ਸਚੁ ਹੈ, ਤੂੰ ਕਰਨਹਾਰੁ ਹੈ, ਤੇਰਾ ਕੀਤਾ ਹੋਂਦਾ ਹੈ, ਤੂ ਸਭਦੂ ਵਡਾ ਹੈ । ਤੂੰ ਬਹੁਤੁ ਤੇ ਬਹੁਤੁ ਹੈ, ਨੇੜੇ ਤੇ ਨੇੜਾ ਹੈ, ਬੰਦਾ ਐਬੀ ਭਰਿਆ ਹੈ. ਤੂ ਬੇ ਐਬ ਹੈ, ਜਿਤਨੇ ਜੀਅ ਹੈ ਤਿਤਨਿਆਂ ਦੀ ਪਰਵਸ ਤੂਹੈ ਕਰਦਾ । ਤੇ ਬਿਨਾ ਕੋਈ ਹੋਰੁ ਦੇਵਣਹਾਰਾ ਨਾਹੀ । ਦੇਹਿ ਸਿ ਤੂਹੈ ਦੇਹਿ ।" ਤਬ ਮੁਲਾ ਕਹਿਆ ਜਿ, "ਏ ਨਾਨਕ ! ਤੇਰੇ ਏਸ ਗੰਮ ਆਣੈ ਸਾਥਿ ਸਭਿ ਦਿਲਗੀਰ ਹੋਇ ਗਏ ਹੈਨਿ ਤੇਰੇ ਆਦਮੀ ਤੂੰ ਏਨਾ ਸਾਥਿ ਬੋਲੁ ਬੈਠੁ ਜਿ ਏਨ੍ਹਾਂ ਦੀ ਖਾਤਰਿ ਖੁਸਿ ਹੋਵੈ ਏਹਿ ਤੇਰੇ ਮਾਤਾ ਪਿਤਾ ਹੈਨਿ, ਭਾਈ ਭਤੀਜੇ ਹੈਨਿ, ਏਨ੍ਹਾ ਸਾਥਿ ਤੂ ਬੋਲਿ ਜਿ ਏ ਭੀ ਜੀਉ ਧਰਹਿ ।" ਤਬ ਗੁਰੂ ਬਾਬਾ ਨਾਨਕ ਜੀ ਬੋਲਿਆ ਜਿ :

ਮਾਦਰਿ ਪਿਦਰੁ ਬਿਰਾਦਰਾਂ ਕਸਨੇਸਿ ਦਸਤੰਗੀਰ ।
ਆਖ਼ਿਰ ਗ੍ਰਿਫਤ ਕਸਿ ਨਦਾਰਦ ਚੂੰ ਸਵਦ ਤਕਬੀਰ ॥੨॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨੀਐ ਮਕਦੂਮ ਜੀ ! ਜਾਂ ਏਸੁ ਕੰਉ ਅੰਤਿ ਜਦਿ ਅਰਜਾਈਲ ਪਕੜੇਗਾ ਤਬ ਨ ਏਸ ਕੀ ਮਾਤਾ ਹੀ ਸਹਾਉ ਕਰੇਗੀ, ਨ ਪਿਤਾ ਹੀ ਸਹਾਉ ਕਰੇਗਾ, ਨ ਕੋਈ ਭਾਈ ਹੀ ਸਹਾਉ ਕਰੇਗਾ, ਏਸ ਦਾ ਬਿਨਾ ਖੁਦਾਇ ਥੀ ਕੋਈ ਨਾਹੀ । ਆਖਰਿ ਵਖਤਿ ਏਸੁ ਕਾ ਕੋਈ ਨਾਹੀ ਬਿਨ ਸਾਹਿਬ ਕੇ ਨਾਵ ਥੀ । ਏਸਕਾ ਕੋਈ ਨਾਹੀ ਨ ਕੋਈ ਯਾਰ ਨ ਖੇਸੁ, ਨਾ ਮਿਤ੍ਰ ਏਸ ਦਾ ਕੋਈ ਨਾਹੀ । ਜਬ ਅਰਜਾਈਲੁ ਉਠਾਇ ਕਰਿ ਏਸ ਕੋ ਤਾਂਈ ਜਬਹਿ ਕਰੇਗਾ, ਕੀਤੇ ਦੇ ਹਸੇਬ ਨੋ ਪਕੜੀਐਗਾ, ਤਬ ਏਸ ਕਾ ਕੋਈ ਨ ਹੋਇਗਾ । ਇਵ ਤਾ ਅਰਜਾਈਲ ਪਾਸਿ ਕੋਈ ਕਹਿ ਨ ਸਕੇਗਾ ਜਿ ਏਹੁ ਅਸਾਡਾ ਹੈ ਏਸ ਨੋ ਨ ਮਾਰਿ । ਐਸੇ ਜਹਾਨ ਵਿਚਿ ਬਾਬੇ ਪੁਤ੍ਰ ਬਾਬਾ ਹੈ ਅਗੈ ਕੋਈ ਕਿਸੇ ਦਾ ਨਾਹੀ ।" ਤਬ ਮੁਲਾ ਕਹਿਆ ਜਿ, "ਏ ਨਾਨਕ ਜੀ ! ਜਿਸ ਨੋ ਮਿਹਰ ਖੁਦਾਇ ਦੀ ਥੀਵੈ ਸੋਈ ਵਡਾ ਤੂ ਸਭਨਾ ਕੰਨੋ ਛੋਟਾ ਹੈ ਪਣੁ ਅੱਮਾਂ ਗਨੀਮਤਿ ਖੁਦਾਇ ਦੀ ਤੇਰੈ ਪਾਸਿ ਆਈ ਜਿਨਿ ਮਸੂਮੀ ਵਿਚ ਖਦਾਇ ਸਹੀ ਕੀਤਾ ਹੈ । ਖੁਦਾਇ ਨਾਲਿ ਤੂ ਸਹੀ ਹੋਇਆ ਹੈ । ਅਮਲ ਸਾਲਿਹੁ ਤਉ ਕੂ ਹਕ ਤਾਲਹ ਅਮਲ ਚੰਗੇ ਦਿਤੇ ਹੈਨਿ ਸਾਬਾਸਿ ਉਸੁ ਖੁਦਾਇ ਕੂ, ਹਉ ਕੁਰਬਾਨੁ ਉਸੁ ਖੁਦਾਇ ਕੂ. ਜਿਨਿ ਤਉ ਕੂ ਮਸੂਮੀ ਵਿਚਿ ਇਜੇਹੀ ਨਸੀਹਤਿ ਦਿਤੀ ਹੈਸੁ । ਜੇ ਕੋਈ ਤਉ ਕੂ ਮਿਲਦਾ ਹੈ ਤਿਸ ਕੂ ਭੀ ਖੁਦਾਇ ਦੇ ਰਾਹ ਦੀ ਨਸੀਹਤਿ ਪਹੁਚਦੀ ਹੈ । ਤਹਿੰਜਾ ਉਸਤਾਦੁ ਖੁਦਾਇ ਦਾ ਹੈ । ਤੂ ਖੁਦਾਇ ਨਾਲਿ ਵਾਸਲੁ ਥੀਆ ਹੈ" । ਤਬ ਮੁਲਾ ਕਹਿਆ ਜਿ, "ਤੂ ਅਮਲ ਚੰਗੇ ਕਰਦਾ ਹੈਂ ਖੁਦਾਇ ਦਾ ਤੂ ਨੇਕੁ ਹੈ । ਤੈ ਥੀਂ ਨੇਕੀ ਥੀ ਆਵਦੀ ਹੈ, ਬਦੀ ਨਾਹੀ ਹੋਇ ਆਵਦੀ" । ਤਦ ਗੁਰੂ ਬਾਬਾ ਨਾਨਕੁ ਜੀ ਬਾਨੀ ਬੋਲਿ ਉਠਾ ਜਿ .

ਸਬ ਰੋਜ ਗਸਤਮ ਦਰ ਹਵਾ ਕਰਦੇਂਮ ਬਦੀ ਖਿਆਲ ।
ਗਾਹੇ ਨ ਨੇਕੀ ਕਾਰ ਕਰਦਮ ਮਮਈਂ ਚਿਨੀ ਅਹਵਾਲ ॥੩॥

ਤਿਸ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿ ਹੋ ਮੁਲਾਂ ! ਬੰਦੇ ਖੁਦਾਇ ਦੇ ਦਿਨੁ ਰਾਤ ਏਹੁ ਹਵਾਇ ਵਿਚਿ ਗਸਤੁ ਰਹਦਾ ਹੈ, ਖੁਦਾਇ ਨੋ ਏਹੁ ਕਦੇ ਨਾਹੀ ਯਾਦਿ ਕਰਦਾ । ਪਰਾਈ ਬਦੀ ਹੀ ਵਿਚਿ ਫਿਰਦਾ ਹੈ, ਕਿਸੈ ਐਬ ਹੀ ਕਰਦਾ ਹੈ । ਅਠਾਂ ਪਹਰਾ ਵਿਚਿ ਕਦੇ ਏਸ ਤੇ ਨੇਕੀ ਨਾਹੀ ਹੋਇ ਆਵਦੀ, ਏ ਮੁਲਾ ! ਮੇਰੇ ਦੇ ਅਫਾਲ ਨ ਏਹਾ ਹੰਉ ਬਜਹਗਾਰੁ ਖੁਦਾਇਦਾ ਹਾਂ । ਜਿ ਕਦੇ ਮੈ ਤੇ ਨੇਕੀ ਨਾਹੀ ਹੋਇ ਆਵਦੀ" । ਤਬ ਮੁਲਾ ਕਹਿਆ ਜੇ, "ਏ ਨਾਨਕ ਜੀ ! ਖੁਦਾਇ ਨਾਲਿ ਸਹੀ ਸੇਈ ਹੈਨਿ, ਜਿਨੀ ਆਪ ਕੂੰ ਰਦੁ ਕੀਤਾ ਹੈ ਅਰੁ ਨੇਕੀ ਦੇ ਰਾਹਿ ਚਲਦੇ ਹੈਨਿ ਅਤੇ ਆਪ ਕੂੰ ਰਦੁ ਕਰਿ ਜਾਣਦੇ ਹੈਨਿ, ਬਰਕਤਿ ਤਿਨਾ ਦੀ ਨਾਲਿ ਖੁਦਾਂਇ ਜੀਆਂ ਕੂ ਮਿਹਰਵਾਨ ਹੋਤਾ ਹੈ" । ਤਬ ਮੁਲਾਂ ਜੀ ਕਹਿਆ ਜਿ, "ਤੂ ਜਿ ਹੈ ਸਿ ਪਾਕ ਸੂਰਤਿ ਹੈ, ਤੈ ਜੇਹਾ ਖੁਦਾਇ ਕਹੀਂ ਸਹੀ ਨਾਹੀ ਕੀਤਾ । ਤੂ ਖੁਦਾਇ ਦਾ ਬੰਦਾ ਹੈ" । ਤਬ ਗੁਰੂ ਬਾਬਾ ਨਾਨਕੁ ਜੀ ਬੋਲਿਆ ਜਿ ।

ਬਦਬਖਤ ਹਮ ਚੁ ਬਖੀਲੁ ਗਾਫਿਲ ਬੇ-ਨਜ਼ਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ, ਤੇਰੇ ਚਾਕਰਾਂ ਪਾਖਾਕੁ ॥੪॥੧॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਮੁਲਾ ਜੀ ! ਅਸਾਂ ਨੋ ਏਹਾ ਬੁਝਣਾ ਕਿਥਹੁ ਹੋਆ ਜਿ ਹਕੁ ਬੁਝਹਿ । ਅਣ ਬੁਝਣਾ ਏਸ ਨੋ ਅਸਾਨੁ ਹੈ । ਅਤੈ ਬੁਝਣਾ ਭੀ ਏਸਨੋ ਅਸਾਨੁ ਹੀ ਹੈ । ਪਰੁ ਏਹਾ ਏਸ ਕੂੰ ਬੇਬਖਤੀ ਜਿ ਏਹੁ ਖੁਦਾਇ ਦੀ ਅਫਰੀਨਸ ਨਾਹੀ ਬੁਝਦਾ । ਬਖੀਲੀ ਹਰ ਕਿਸੀ ਦੀ ਕਰਦਾ ਹੈ । ਅਠੇ ਪਹਰ ਗਫਲਤ

ਵਿਚਿ ਰਹਦਾ ਹੈ। ਬਦਨੀਅਤਿ ਵਿਚਿ ਰਹਦਾ ਹੈ, ਬਦਿ ਨਜਰਿ ਹੀ ਏਹੁ ਦੇਖਦਾ ਹੈ। ਖੁਦਾਇ ਦਾ ਅਦਬੁ ਏਸ ਨੋ ਨਾਹੀ। ਏਹੁ ਗਫਲਤਾ ਕਾ ਮਾਰਿਆ ਬੇਬਾਕੁ ਹੋਇਆ ਫਿਰਦਾ ਹੈ। ਐਸੀ ਖੁਦਾਇ ਦੀ ਬੰਦਗੀ ਕਰਦੇ ਹੈਨਿ, ਖੁਦਾਇ ਦੇ ਚਾਕਰ ਹੈਨਿ, ਉਨਾ ਦੀ ਪੈਖਾਕੁ ਹਾ। ਜੇ ਓਹਿ ਮਿਹਰਵਾਨ ਹੋਨਿ ਤਾ ਮੈ ਜਾਣਾ ਜਿ ਨਿਹਾਲ ਹੋਆ। ਬੇਬਾਕੁ, ਜਿਸੁ ਦੀਬਾਣੈ ਦੀ ਬਾਕੀ ਜਿਸੁ ਦੇਣੀ ਨਾਹੀ ਹੋਦੀ। ਸੋ ਵੇਗੰਮੁ ਹੋਆ ਫਿਰਦਾ ਹੈ। ਜਿਸ ਨੇ ਬਾਕੀ ਦੀਬਾਨੈ ਦੀ ਦੇਣੀ ਹੋਦੀ ਹੈ ਸਿ ਭੈ ਵਿਚਿ ਰਹਦਾ ਹੈ। ਜਿ ਯਾ ਖੁਦਾਇ ਮੈ ਹਾਸਲ ਦੀਬਾਨ ਦਾ ਦੇਣਾ ਹੈ ਕਿਵੈ ਬੇਬਾਕੁ ਭੀ ਹੋਵਾ। ਤਿਸ ਕੀ ਨਿਆਈ ਏਹੁ ਜਿ ਮੇਰਾ ਜੀਉ ਹੈ ਸਿ ਏਸੁ ਬਾਕੀ ਦੇਣੀ ਹੈ ਅਤੈ ਬੇਬਾਕੁ ਹੋਆ ਫਿਰਦਾ ਹੈ ਏਵਡੁ ਗਾਫਲੁ ਏਹੁ ਮੇਰਾ ਜੀਉ ਹੈ। ਹੋਦੀ ਬਾਕੀ ਬੇਬਾਕ ਹੋਆ ਫਿਰਦਾ ਹੈ ਆਪਣੀ ਗਫਲਾਈ ਦੇ ਜੋਰਿ ਕਰਿ ਕਰਿ। ਪਣੁ ਮੇਰੀ ਖੁਦਾਇ ਅਗੈ ਏਹਾ ਬੇਨਤੀ ਹੈ ਜਿ ਕਿਵੈਂ ਹੀ ਹੰਉ ਤੇਰਿਆ ਚਾਕਰਾ ਦੀ ਪੈ ਖਾਕੁ ਹੋਵਾ। ਗਫਲਤ ਮਨ ਥੀ ਜਾਇ। ਅਰੁ ਮਨ ਕੈ ਬਿਖੈ ਗਰੀਬੀ ਬਸੈ। ਤਬ ਮੁਲਾਂ ਤਜੀਮ ਕੀਤੀ। ਬਾਬੇ ਨਾਨਕ ਕੂੰ ਕਹਿਓਸੁ ਜਿ, "ਏ ਨਾਨਕ ! ਤੂ ਹੁਣਿ ਹੀ ਖੁਦਾਇ ਦੈ ਭੈ ਵਿਚਿ ਰਹਦਾ ਹੈ। ਅਰੁ ਬੰਦਗੀ ਕਰਦਾ ਹੈ। ਨਾਨਕ ! ਤੂੰ ਹੁਣਿ ਹੀ ਖੁਦਾਇ ਕੂ ਅਪੜਿਆ ਹੈ। ਅਬ ਅਸਾਡਾ ਬੀ ਖਸਮਾਨਾ ਕਰਿ, ਖੁਦਾਇ ਦੀ ਦਰਗਾਹ ਵਿਚਿ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਜੀ, ਜੇ ਕਿਛੁ ਹਥਿ ਆਵਸੀ ਵਥੁ ਤਾ ਹਭਨਾ ਕੂੰ ਹਥਿ ਆਵਸੀ"। ਤਬ ਗੁਰੂ ਬਾਬੇ ਦੀ ਤਰਫ ਦੇਖਿ ਕਰਿ ਮੁਸਲਮਾਨੀ ਦਰੂਦੁ ਪੜਿਓ ਨੇ ਅਰੁ ਸਲਾਮੁ ਕੀਆ ਜਿ, "ਵਾਹੁ ਖੁਦਾਇ ਅਤੈ ਵਾਹੁ ਹੋ ਨਾਨਕ ਜੈ ਕੂੰ ਇਵੇ ਹੀ ਪਹੁੰਚਿ ਖੁਦਾਇ ਦਿਤੀ ਹੈ"। ਤਬ ਜਿਤਨੇ ਹਿਦੂ ਥੇ ਤਿਨਹੁ ਗੁਰੂ ਬਾਬੇ ਨਾਨਕ ਕੀ ਤਰਫ ਦੇਖਿ ਕਰਿ ਨਮਸਕਾਰੁ ਕੀਆ ਜਿ, "ਧੰਨੁ ਹੋ ਨਾਨਕ ! ਜਿਨ ਬਾਲਪਨ ਮਹਿ ਪਰਮੇਸੁਰੁ ਜਾਣਿਆ ਹੈ"।

### ਸਲੋਕ ਬੈਤ

ਰਾਸਿ ਬਿਗੋਯਦ ਰਾਸਿ ਕਰਿ ਕੁਨੰਦਿ ਬੰਦੇ ਪਾਕ ਅਲਾਹ ॥
ਕਾਰ ਕੁਫ਼ਰ ਦਰੋਗੁ ਦਿਲਿ ਦਰਿ ਨਾਨਕ ਰੂਈ ਸਿਆਹ ॥੧॥

ਬੋਲਹੁ ਭਾਈ ਜੀ ਵਾਹਗੁਰੂ ਬਾਬਾ ਨਾਨਕੁ ਧੰਨੁ ਗੁਰੂ ਬਾਬਾ ਨਾਨਕੁ ਸਤਿਗੁਰੂ ਬਾਬਾ ਨਾਨਕੁ। ਰਾਮ ਸਤਿਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੬॥

# ਗੁਰੂ ਨਾਨਕ

ਗਿਆਨੀ ਗੋਪਾਲ ਸਿੰਘ 'ਮਿਤਰ'

ਜਨਮ ਲੈ ਕੇ ਨਨਕਾਣੇ ਦੀ ਧਰਤ ਅੰਦਰ, ਗੁਰੂ ਨਾਨਕ ਨੇ ਵਾਹ-ਵਾ ਕਮਾਲ ਕੀਤਾ।
ਊਚ ਨੀਚ ਦੇ ਵਿਤਕਰੇ ਮੇਟ ਕੇ ਤੇ, ਸਾਥੀ ਡੂਮ ਮਰਦਾਨੇ ਨੂੰ ਨਾਲ ਕੀਤਾ।
ਕਰਕੇ ਚਾਰ ਉਦਾਸੀਆਂ ਜਗਤ ਅੰਦਰ, ਦੂਰ ਵਹਿਮ ਤੇ ਭਰਮ ਵਬਾਲ ਕੀਤਾ।
ਸਬਕ ਏਕਤਾ ਅਤੇ ਪਿਆਰ ਵਾਲੇ, ਦੇ ਕੇ ਸ੍ਰਿਸ਼ਟਿ ਸਾਰੀ ਨੂੰ ਨਿਹਾਲ ਕੀਤਾ।
ਬੁਰੇ ਲੋਕ ਸਮਾਜ 'ਚੋਂ ਨਹੀਂ ਕਢੇ, ਸਗੋਂ ਕਢਿਆ ਮਾਰ ਬੁਰਿਆਈਆਂ ਨੂੰ।
ਸੁਘੜ ਵੈਦ ਦੇ ਵਾਂਗ ਇਲਾਜ ਕਰਕੇ, ਦਿਲੋਂ ਮਾਰ ਕਢਿਆ ਊਣਤਾਈਆਂ ਨੂੰ।
ਜਿਹੋ ਜਿਹਾ ਸਾਧਨ ਦਿਸਿਆ ਉਹੋ ਕੀਤਾ, ਕੋਈ ਸੋਧਿਆ ਹਾਸ ਵਿਅੰਗ ਦੇ ਨਾਲ।
ਕਿਤੇ ਅਜ਼ਮਤ ਵਿਖਾ ਕੇ ਰਾਹ ਪਾਏ, ਸੋਧੇ ਹਿਰਦੇ ਕਈ ਨਾਟਕੀ ਢੰਗ ਦੇ ਨਾਲ।
ਕਿਤੇ ਬਾਣੀ ਦਾ ਨਾਦ ਸੁਣਾ ਕੇ ਤੇ, ਰੰਗੀਆਂ ਆਤਮਾਵਾਂ ਰੱਬੀ ਰੰਗ ਦੇ ਨਾਲ।
ਕਾਲਖ ਉਤਰੀ ਜਨਮ ਜਨਮਾਂਤਰਾਂ ਦੀ, ਦਿਲ ਸਾਫ਼ ਕੀਤੇ ਸਿਫ਼ਤ-ਗੰਗ ਦੇ ਨਾਲ।
ਕੀਤੇ ਮਾਣਸ ਤੋਂ ਦੇਵਤੇ ਗੁਰੂ ਨਾਨਕ, ਪਾਰਸ ਆਪ ਸਨ ਪਾਰਸ ਬਣਾ ਗਏ ਉਹ।
ਦੇਂਦੇ ਰਹਿਣਗੇ ਚਾਨਣ ਸਦੀਵ ਜਗ ਨੂੰ, ਜਿਹੜੇ ਰਾਹ 'ਮਿਤਰ ਜੀ' ਰੁਸ਼ਨਾ ਗਏ ਉਹ।

# ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

ਸੰਪਾਦਕ : ਡਾ. ਗੰਡਾ ਸਿੰਘ

ਵਿਆਹ ਤੋਂ ਕੁਝ ਦਿਨ ਮਗਰੋਂ ਹੰਡੂਰ ਦੇ ਰਾਜਾ ਰਾਮਸ਼ਰਨ ਦਾ ਇਕ ਇਤਬਾਰੀ ਇਕ ਬੇਨਤੀ ਪੱਤਰ ਲੈ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਪੰਜੌਰ ਦੇ ਮਾਲਕ ਨੇ ਰਾਜਾ ਸਾਹਿਬ ਉਤੇ ਹੱਲਾ ਕਰ ਦਿੱਤਾ ਹੈ । ਰਾਜਾ ਸਾਹਿਬ ਆਪਦਾ ਸੇਵਕ ਹੈ, ਇਸ ਲਈ ਕਿਰਪਾ ਪੂਰਬਕ ਆਪ ਉਸ ਦੀ ਸਹਾਇਤਾ ਕਰੋ । ਬੇਦੀ ਸਾਹਿਬ ਹੰਡੂਰ ਵਲ ਚਲੇ ਗਏ । ਪੰਜੌਰ ਦੇ ਲੋਕਾਂ ਅਤੇ ਹੰਡੂਰ ਦੇ ਰਾਜੇ ਵਿਚਕਾਰ ਲੜਾਈ ਹੋਈ, ਪਰ ਬੇਦੀ ਸਾਹਿਬ ਸਾਹਾਇਤਾ ਦੇ ਕਾਰਨ ਪੰਜੌਰ ਦੀ ਫ਼ੌਜ ਸਫਲ ਨਾ ਹੋ ਸਕੀ । ਤੰਗ ਆ ਕੇ ਰਾਣੀ ਆਸ ਕੌਰ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਈ ਅਤੇ ਗੁਰੂ ਸਾਹਿਬ ਨੇ ਉਨ੍ਹਾਂ ਵਿਚਕਾਰ ਸੁਲਾਹ ਕਰਵਾ ਦਿੱਤੀ । ਇਸ ਝਗੜੇ ਦੇ ਨਿਪਟਣ ਉਪਰੰਤ ਹੰਡੂਰ ਦੇ ਰਾਜਾ ਸਾਹਿਬ ਨੇ ਇਕ ਹਾਥੀ, ਸੁਨਹਿਰੀ ਅਤੇ ਚਾਂਦੀ ਦੇ ਸਾਜ਼ ਸਹਿ ੋ ਘੋੜੇ, ਸਰੋਪਾ, ਨਕਦੀ ਅਤੇ ਹੀਰੇ ਮੋਤੀ ਬੇਦੀ ਸਾਹਿਬ ਦੇ ਪੇਸ਼ ਕੀਤੇ, ਅਤੇ ਉਨ੍ਹਾਂ ਨੂੰ ਵਿਦਾ ਕੀਤਾ । ਸਰਦਾਰ ਹਰਸਾ ਸਿੰਘ ਫਰਾਰੀ ਵਾਲਾ ਸੇਵਾ ਵਿਚ ਹਾਜ਼ਰ ਹੋਇਆ ਅਤੇ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ । ਪਲੈਨਗੜ ੇ ਖੂਹ ਵਿਚ ਪਾਣੀ ਨਹੀਂ ਸੀ ਠਹਿਰਦਾ । ਸੇਵਕਾਂ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਕਿਰਪਾ ਕਰੋ ਕਿ ਖੂ ਵਚ ਪਾਣੀ ਠਹਿਰ ਜਾਏ । ਗੁਰੂ ਸਾਹਿਬ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨੀ ਅਤੇ ਆਪਣੀ ਗੜਵੀ ਦਾ ਪਾਣੀ ਉਸ ਖੂ ਵਚ ਪੁਆ ਦਿਤਾ । ਉਸੇ ਸਮੇਂ ਬੜਾ ਚੰਗਾ ਪਾਣੀ ਖੂਹ ਵਿਚ ਹੋ ਗਿਆ ।

ਫੇਰ ਮਾਲਵੇ ਭਾਵ ਦੁਆਬ ਦੇ ਵਿਚਕਾਰ ਜਗਾਧਰੀ ਅਤੇ ਸ਼ਾਹਬਾਦ ਦੀ ਸੈਰ ਕਰਕੇ ਸੰਮਤ 1845 ਮੁਤਾਬਿ ਨ 1788 ਵਿਚ ਰਾਇਪੁਰ ਆ ਗਏ । ਰਾਇਪੁਰ ਦਾ ਸਰਦਾਰ ਹਿੰਮਤ ਸਿੰਘ ਭੇਟ ਕਰਨ ਲਈ ਇਕ ਘੋੜਾ ਲੈ ਾਜ਼ਰ ਹੋਇਆ । ਮਹਾਰਾਜਾ ਪਟਿਆਲਾ ਵੀ, ਜੋ ਗੁਰੂ ਸਾਹਿਬ ਦੀ ਵਡਿੱਤਣ ਦੀਆਂ ਸਿਫ਼ਤਾਂ ਸੁਣ ਚੁਕਾ ਸੀ ਅ ਨ੍ਹਾਂ ਦੇ ਚਰਨ ਚੁੰਮਣ ਦਾ ਅਭਿਲਾਖੀ ਸੀ, ਹਾਜ਼ਿਰ ਹੋਇਆ । ਉਸ ਨੇ ਬਹੁਤ ਸਾਰਾ ਅਮੁੱਲਾ ਸਾਮਾਨ ਅਤੇ ਆਪ ਵਤ ਅਨੁਸਾਰ ਨਚਰਾਂ ਅਤੇ ਸੁਗਾਤਾਂ ਪੇਸ਼ ਕੀਤੀਆਂ । ਗੁਰੂ ਸਾਹਿਬ ਉਸ ਤੋਂ ਬਹੁਤ ਪ੍ਰਸੰਨ ਹੋਏ । ਮਹਾਰਾਜ ਨੇ ਪੁਤ ਖਸ਼ਣ ਲਈ ਬੇਨਤੀ ਕੀਤੀ । ਗੁਰੂ ਸਾਹਿਬ ਨੇ ਵਰ ਦਿਤਾ ਅਤੇ ਕੁੱਝ ਸਮੇਂ ਉਪਰੰਤ ਰਾਜਾ ਕਰਮ ਸਿੰਘ ਦਾ ਜਨ ਇਆ । ਗੁਰੂ ਸਾਹਿਬ ਨੇ ਸੰਮਤ 45 ਦਾ ਹੋਲਾ ਰਾਇਪੁਰ ਵਿਚ ਹੀ ਮਨਾਇਆ । ਇਕ ਦਿਨ ਗੁਰੂ ਸਾਹਿਬ ਬਾਹ ਲੇ ਗਏ । ਉੱਥੇ ਗੰਨੇ ਦਾ ਇਕ ਖੇਤ ਵੇਖਿਆ । ਗੁਰੂ ਸਾਹਿਬ ਕਦੇ ਕਦੇ ਮਦਾਨ ਮਾਰਨ ਲਈ ਉਸ ਖੇਤ ਵਿ ਾਇਆ ਕਰਦੇ ਸਨ । ਇਕ ਦਿਨ ਉਨ੍ਹਾਂ ਕਿਹਾ ਕਿ ਗੰਨੇ ਦੇ ਖੇਤ ਵਿਚ ਆਦਮੀ ਦਾ ਸ਼ਿਕਾਰ ਕਰਨਾ ਹੈ । ਸੇਵ ਉਸ ਖੇਤ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਅਤੇ ਆਦਮੀ ਦੀ ਟੋਲ ਅਰੰਭੀ । ਇਕ ਹਥਿਆਰ ਬੰਦ ਬੰਦਾ ਫੜਿ ਿਆ । ਪਹਿਲਾਂ ਤਾਂ ਉਸ ਨੇ ਅਸਲ ਗੱਲ ਦੱਸਣ ਤੋਂ ਇਨਕਾਰ ਕੀਤਾ, ਫੇਰ ਬੇਨਤੀ ਕੀਤੀ ਕਿ ਜੇ ਮੇਰੀ ਜਾ ਖਸ਼ ਦਿਓ, ਤਾਂ ਮੈਂ ਸੱਚੀ ਗਲ ਦੱਸਦਾ ਹਾਂ । ਉਸ ਨੇ ਕਿਹਾ ਕਿ ਮੈਨੂੰ ਰਾਏ ਕੱਲ੍ਹਾ ਨੇ ਇਕ ਹਜ਼ਾਰ ਰਪੱਈਆ ਇਨਾ ਾ ਦੇਣਾ ਕਰਕੇ ਆਪ ਨੂੰ ਮਾਰਨ ਲਈ ਭੇਜਿਆ ਸੀ ਅਤੇ ਮੇਰੀ ਮਨਸ਼ਾ ਸੀ ਕਿ ਜਦ ਤੁਸੀਂ ਮਦਾਨ ਮਾਰਨ ਲ ਸ ਖੇਤ ਵਿਚ ਆਉਗੇ, ਤਾਂ ਮੈਂ ਤੁਹਾਡੇ ਤੇ ਵਾਰ ਕਰਾਂਗਾ । ਹੁਣ ਮੈਂ ਆਪ ਹੀ ਫੜਿਆ ਗਿਆ ਹਾਂ । ਗੁਰੂ ਸਾਹਿ ਉਸ ਨੂੰ ਛੱਡ ਦਿੱਤਾ ਅਤੇ ਕਿਹਾ ਕਿ ਰਾਏ ਕੱਲ੍ਹਾ ਨੇ ਪਹਿਲਾਂ ਭਾਜੀ ਪਾਈ ਹੈ, ਇਸ ਦਾ ਬਦਲਾ ਦੇ ਿੱਤਾ ਜਾਏਗਾ ।

ਸੰਮਤ 1846 ਮੁਤਾਬਿਕ ਸੰਨ 1779 ਈ. ਵਿਚ ਗੁਰੂ ਸਾਹਿਬ ਦੁਆਬਾ ਜਲੰਧਰ ਵੱਲ ਚਲੇ ਗਏ ਅਤੇ ਬੰਗਾ ਦੇ ਨੇੜੇ ਹਮੀਰ ਵਾਲ ਪਿੰਡ ਜ਼ਿਲਾ ਜਲੰਧਰ ਵਿਚ ਪਹੁੰਚੇ। ਸਰਦਾਰ ਧਰਮ ਸਿੰਘ ਖਤਰੀ ਉਪਨਾਂ ਅੰਮ੍ਰਿਤਸਰੀਆ. ਜੋ ਬੰਗਾ ਇਲਾਕੇ ਦਾ ਹਾਕਮ ਸੀ, ਸੇਵਾ ਵਿਚ ਹਾਜ਼ਰ ਹੋਇਆ ਅਤੇ ਇਕ ਘੋੜਾ, ਪੰਜ ਸੌ ਰੁਪਈਏ ਅਤੇ ਸਿਰੋਪਾ ਭੇਟ ਕੀਤਾ। ਉਸ ਨੇ ਬੇਨਤੀ ਕੀਤੀ ਕਿ ਆਪ ਕਿਰਪਾ ਪੂਰਬਕ ਮੇਰੇ ਘਰ ਪਰਸ਼ਾਦ ਛਕੋ। ਹਜ਼ੂਰ ਨੇ ਕਿਹਾ ਕਿ ਵੇਖੀ ਜਾਏਗੀ। ਸਰਦਾਰ ਨੇ ਆਪਣੇ ਘਰ ਵਿਚ ਪਰਸ਼ਾਦ ਦੀ ਤਿਆਰੀ ਅਰੰਭ ਕਰ ਦਿੱਤੀ। ਸਰਦਾਰ ਦਾ ਸਾਥੀ ਮੁਤਸੱਦਾ ਸਿੰਘ, ਆਪਣੇ ਭੈੜੇ ਸੁਭਾਉ ਦੇ ਕਾਰਨ ਆਪਣੇ ਦਿਲ ਵਿਚ ਸੜਦਾ ਸੀ ਅਤੇ ਸਰਦਾਰ ਨੂੰ ਵੀ ਵੈਰ ਵਲ ਪ੍ਰੇਰਦਾ ਰਹਿੰਦਾ ਸੀ। ਜਦ ਸਵਾ ਪਹਿਰ ਰਾਤ ਰਹੀ, ਤਾਂ ਗੁਰੂ ਸਾਹਿਬ ਪੁਰਾਣੀ ਆਦਤ ਅਨੁਸਾਰ ਉੱਠੇ ਅਤੇ ਇਸ਼ਨਾਨ ਕੀਤਾ ਤੇ ਉਨ੍ਹਾਂ ਕਿਹਾ ਕਿ ਮੈਨੂੰ ਸ੍ਰੀ ਅਕਾਲ ਪੁਰਖ ਤੋਂ ਹੁਕਮ ਆਇਆ ਹੈ "ਮੈਂ ਅੱਗੇ ਨੂੰ ਕਿਸੇ ਦੇ ਘਰ ਪਰਸ਼ਾਦ ਨਾ ਛਕਾਂ ਅਤੇ ਮੇਰੇ ਲੰਗਰ ਵਿਚ ਪਰਸ਼ਾਦ ਛਕਣ ਲਈ ਬਹੁਤ ਲੋਕ ਆਉਣਗੇ।" ਉਸੇ ਸਮੇਂ ਇਕ ਇਤਬਾਰੀ ਆਦਮੀ ਸਰਦਾਰ ਧਰਮ ਸਿੰਘ ਕੋਲ ਭੇਜਿਆ ਅਤੇ ਉਸ ਨੂੰ ਕਿਹਾ ਕਿ ਜੇ ਪ੍ਰਸ਼ਾਦ ਦੀ ਤਿਆਰੀ ਨਾ ਕੀਤੀ ਹੋਵੇ, ਤਾਂ ਬੰਦ ਕਰ ਦਿਓ। ਜੇ ਪਰਸ਼ਾਦ ਤਿਆਰ ਕਰਨਾ ਅਰੰਭ ਕਰ ਦਿੱਤਾ ਹੋਵੇ, ਤਾਂ ਇਥੇ ਲਿਆਉਣਾ ਹੋਵੇਗਾ। ਕਿਉਂਕਿ ਉਸ (ਸਰਦਾਰ) ਦਾ ਸਾਥੀ ਪਹਿਲਾਂ ਤੋਂ ਹੀ ਭੈੜੀ ਅਗਵਾਈ ਦੇ ਰਿਹਾ ਸੀ, ਇਸ ਸਮੇਂ ਉਸ ਨੂੰ ਸ਼ਕਾਇਤ ਦਾ ਹੋਰ ਸਮਾਂ ਮਿਲ ਗਿਆ। ਮੁਸਾਹਿਬ ਨੇ ਸਰਦਾਰ ਧਰਮ ਸਿੰਘ ਨੂੰ ਅਜਿਹੀ ਸਿੱਖਿਆ ਦਿਤੀ ਕਿ ਉਸ ਨੇ ਸੇਵਕੀ ਦੀ ਸ਼ਰਧਾ ਅਤੇ ਕਰਤੱਵਾਂ ਨੂੰ ਤਿਆਗ ਦਿੱਤਾ, ਪਰ ਸਰਦਾਰ ਧਰਮ ਸਿੰਘ ਦਾ ਪੁਤਰ ਗੱਜਾ ਸਿੰਘ ਨੇ, ਜੋ ਗੁਰੂ ਸਾਹਿਬ ਉੱਤੇ ਸੱਚਾ ਵਿਸ਼ਵਾਸ ਅਤੇ ਸ਼ਰਧਾ ਰਖਦਾ ਸੀ, ਕਈ ਵਾਰ ਆਪਣੇ ਪਿਤਾ ਨੂੰ ਸਮਝਾਇਆ, ਪਰ ਉਹ ਠੀਕ ਰਾਹ ਤੇ ਨਾ ਆਇਆ। ਗੱਜਾ ਸਿੰਘ ਸੱਚੇ ਦਿਲੋਂ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਮੈਂ ਸਾਰੀ ਉਮਰ ਆਪਦੇ ਚਰਨ ਕੰਵਲਾਂ ਤੋਂ ਜੁਦਾ ਨਹੀਂ ਹੋਵਾਂਗਾ। ਗੁਰੂ ਸਾਹਿਬ ਨੇ ਉਸ ਉੱਤੇ ਕਿਰਪਾ ਦ੍ਰਿਸ਼ਟੀ ਕੀਤੀ। ਫੇਰ ਗੁਰੂ ਸਾਹਿਬ ਸ਼ਿਕਾਰ ਖੇਡਦੇ ਹੋਏ ਅਨੰਦਪੁਰ ਸਾਹਿਬ ਵੱਲ ਤੁਰ ਪਏ। ਰਾਹ ਵਿਚ ਇਕ ਵੱਡੇ ਸ਼ੇਰ ਨਾਲ ਟਾਕਰਾ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਤਲਵਾਰ ਨਾਲ ਪਾਰ ਬੁਲਾਇਆ ਅਤੇ ਸਿੰਘ ਇਸ ਦੀ ਲਾਸ਼ ਚੁਕਕੇ ਅਨੰਦਪੁਰ ਸਾਹਿਬ ਲੈ ਗਏ। ਸੰਮਤ 1846 ਦਾ ਹੋਲਾ ਅਨੰਦਪੁਰ ਵਿਚ ਹੀ ਮਨਾਇਆ।

ਫੇਰ ਮਾਝੇ ਦੀ ਸੈਰ ਦਾ ਮਨ ਬਣਾਇਆ। ਰਾਹ ਵਿਚ ਦੁਆਬੇ ਦੀ ਸੰਗਤ ਨੂੰ ਦਰਸ਼ਨ ਦਿਤੇ। ਉਸ ਇਲਾਕੇ ਦੇ ਸਾਰੇ ਸਿੱਖ ਸਰਦਾਰ ਭੇਟਾ ਪੇਸ਼ ਕਰਦੇ ਰਹੇ। ਸਰਦਾਰ ਦਸੌਂਧਾ ਸਿੰਘ ਸੇਵਾ ਵਿਚ ਹਾਜ਼ਰ ਹੋ ਕੇ ਦੱਖਣੀ ਸਰਾਂ ਵਿਚ ਲੈ ਗਿਆ ਅਤੇ ਦਸ ਦਿਨ ਤੱਕ ਗੁਰੂ ਸਾਹਿਬ ਦਾ ਡੇਰਾ ਉੱਥੇ ਹੀ ਰਿਹਾ। ਗੁਰੂ ਸਾਹਿਬ ਦੀ ਵਿਦਾਇਗੀ ਸਮੇਂ ਸਰਦਾਰ ਸਾਹਿਬ ਨੇ ਘੋੜੇ ਅਤੇ ਬਹੁਤ ਸਾਰੀ ਮਾਇਆ ਭੇਟਾ ਦਿੱਤੀ।

ਇਥੋਂ ਗੁਰੂ ਸਾਹਿਬ ਡੇਰਾ ਬਾਬਾ ਨਾਨਕ ਪਹੁੰਚੇ। ਸਾਰੇ ਛੋਟੇ ਵਡੇ ਬੇਦੀ ਸਾਹਿਬਾਨ ਸੇਵਾ ਵਿਚ ਹਾਜ਼ਰ ਹੋਏ ਅਤੇ ਉਨ੍ਹਾਂ ਦੇ ਸੁਭਾਗ ਅਤੇ ਲੰਗਰ ਨੂੰ ਵੇਖਕੇ ਬੜੇ ਪ੍ਰਸੰਨ ਹੋਏ। ਬਾਬਾ ਜਾਗੀਰ ਚੰਦ, ਜੋ ਗੁਰੂ ਸਾਹਿਬ ਦਾ ਭਰਾ ਲਗਦਾ ਸੀ, ਆਇਆ ਅਤੇ ਪਲੰਗ ਉੱਤੇ ਬਰਾਬਰ ਬਹਿ ਗਿਆ। ਦੋ ਘੜੀ ਮਗਰੋਂ, ਜਦ ਉਹ ਵਾਪਿਸ ਡੇਰੇ ਗਿਆ ਤਾਂ ਏਨਾ ਰੋਗੀ ਹੋਇਆ ਕਿ ਮਰਨ ਕਰੀਬ ਹੋ ਗਿਆ। ਫੇਰ ਆਪਣੇ ਅਪਰਾਧ ਨੂੰ ਯਾਦ ਕਰਕੇ ਮੁਆਫ਼ੀ ਮੰਗੀ। ਇਹ ਗੱਲ ਸਾਰੇ ਬੇਦੀ ਵੰਸ਼ ਵਿਚ ਫੈਲ ਗਈ ਅਤੇ ਸਾਰੇ ਬੇਦੀ ਸਾਹਿਬਾਨ ਨੇ ਸਨਮਾਨ ਕੀਤਾ। ਉਸ ਸਮੇਂ ਤੋਂ ਕੋਈ ਵੀ ਬੇਦੀ ਭਾਵੇਂ ਉਹ ਕਿੰਨਾ ਵੀ ਬੁੱਢਾ ਹੁੰਦਾ, ਗੁਰੂ ਸਾਹਿਬ ਦੇ ਬਰਾਬਰ ਨਾ ਬਹਿੰਦਾ। ਗੁਰੂ ਸਾਹਿਬ ਨੇ ਦਰਬਾਰ ਸਾਹਿਬ ਵਿਚ ਹਾਜ਼ਰ ਹੋ ਕੇ ਆਪਣੀ ਬਰਾਦਰੀ ਲਈ ਅਰਦਾਸ ਅਤੇ ਭੇਟਾ ਕੀਤੀ। ਗੁਰੂ ਸਾਹਿਬ ਤਿੰਨ ਦਿਨ ਉਥੇ ਰਹਿਕੇ ਨਨਕਾਣਾ ਸਾਹਿਬ ਵਲ ਚਲੇ ਗਏ। ਬਾਰ ਦੇ ਇਲਾਕੇ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ-ਸਥਾਨ ਦੇ ਦਰਸ਼ਨ ਕੀਤੇ ਅਤੇ ਭੇਟਾ ਪੇਸ਼ ਕੀਤੀ। ਉਥੇ ਵੀ ਤਿੰਨ ਦਿਨ ਠਹਿਰ ਕੇ ਗੁਜਰਾਂਵਾਲਾ ਆਏ। ਉਨ੍ਹਾਂ ਹੀ ਦਿਨਾਂ

ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਸ੍ਰ. ਮਹਾਂ ਸਿੰਘ ਸੰਮਤ 1847 ਮੁਤਾਬਿਕ ਸੰਨ 1790 ਈ. ਵਿਚ ਚਲਾਣਾ ਕਰ ਗਿਆ ਸੀ। ਇਥੋਂ ਗੁਰੂ ਸਾਹਿਬ ਰਾਮਨਗਰ ਚਲੇ ਗਏ। ਮਹਾਰਾਜਾ ਰਣਜੀਤ ਸਿੰਘ ਵੀ ਇਨ੍ਹਾਂ ਹੀ ਦਿਨਾਂ ਵਿਚ ਰਾਮਨਗਰ ਦੇ ਨੇੜੇ ਮਿਆਨੀ ਵਿਚ ਠਹਿਰੇ ਹੋਏ ਸਨ ਅਤੇ ਉਨ੍ਹਾਂ ਦੇ ਵਿਰੋਧੀ ਸਰਦਾਰ ਉਨ੍ਹਾਂ ਦਾ ਕੰਮ ਖਰਾਬ ਕਰਨ ਤੇ ਲਗੇ ਹੋਏ ਸਨ।

ਮਹਾਰਾਜਾ ਸਾਹਿਬ ਗੁਰੂ ਸਾਹਿਬ ਦੇ ਆਉਣ ਦੀ ਸ਼ੁਭ ਖ਼ਬਰ ਸੁਣਕੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਏ। ਮਹਾਰਾਜਾ ਸਾਹਿਬ ਦੀ ਮਾਤਾ ਨੇ ਬਹੁਤ ਸਾਰਾ ਗਹਿਣਾ ਅਤੇ ਰਾਣੀ ਮਹਿਤਾਬ ਕੌਰ ਨੇ ਛਾਤੀ ਦੇ ਜ਼ੇਵਰ ਬੇਦੀ ਸਾਹਿਬ ਦੇ ਭੇਟ ਕੀਤੇ ਅਤੇ ਉਨ੍ਹਾਂ ਬੇਨਤੀ ਕੀਤੀ ਕਿ ਇਸ ਨਾਦਾਨ ਬੱਚੇ ਨੂੰ ਆਪਣਾ ਪੁੱਤਰ ਜਾਣਕੇ ਇਸਦੀ ਸਹਾਇਤਾ ਕਰੋ। ਬੇਦੀ ਸਾਹਿਬ ਨੇ ਉਨ੍ਹਾਂ ਦਾ ਭੇਟਾ ਕੀਤਾ ਹੋਇਆ ਸਾਰਾ ਸਾਮਾਨ ਵਾਪਸ ਕਰ ਦਿੱਤਾ ਅਤੇ ਕਿਹਾ ਕਿ ਅਸੀਂ ਅਜਿਹੇ ਨਹੀਂ ਜੋ ਆਪਣੀ ਸੰਗਤ ਦੇ ਗਹਿਣੇ ਉਤਾਰ ਲਈਏ। ਇਹ ਜਿਸ ਦਾ ਗਹਿਣਾ ਹੈ, ਉਸੇ ਨੂੰ ਮੁਬਾਰਕ ਹੋਵੇ। ਤੁਸੀ ਤਸੱਲੀ ਰਖੋ ਕਿ ਕੋਈ ਵੈਰੀ ਤੁਹਾਡੇ ਪੁੱਤਰ ਉੱਤੇ ਹੱਥ ਨਹੀਂ ਪਾ ਸਕੇਗਾ। ਇਹ ਸਾਰੇ ਵੈਰੀਆਂ ਤੇ ਭਾਰੂ ਅਤੇ ਵਿਜੇਈ ਹੋਵੇਗਾ। ਉਸ ਵੇਲੇ ਦੇ ਹਾਜ਼ਰ ਇਤਬਾਰੀ ਬੰਦਿਆਂ ਤੋਂ ਪਤਾ ਲਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਅਤੇ ਸੁਪਤਨੀ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹੀਆਂ ਅਤੇ ਲੰਗਰ ਦੇ ਭਾਂਡੇ ਸੋਧਣ ਅਤੇ ਆਟਾ ਪੀਹਣ ਦੀ ਸੇਵ ਸੱਚੇ ਦਿਲੋਂ ਕਈ ਦਿਨ ਨਿਬਾਹੁੰਦੀਆਂ ਰਹੀਆਂ।

ਇਕ ਦਿਨ ਸਰਦੀ ਦੀ ਰੁੱਤ ਵਿਚ ਵਰਖਾ ਪੈ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਸਰਦੀ ਦੇ ਕਸ਼ਟ ਤੋ ਤੰਗ ਆ ਕੇ ਬੇਦੀ ਸਾਹਿਬ ਦੇ ਪਲੰਘ ਹੇਠ ਲੁਕ ਗਏ। ਬੇਦੀ ਸਾਹਿਬ ਨੇ ਬੜੀ ਕਿਰਪਾ ਕਰਕੇ ਆਪਣੇ ਉੱਤੋਂ ਇਕ ਰੇਸ਼ਮੀ ਖੇਸ, ਜੋ ਉਨ੍ਹਾਂ ਨੂੰ ਪਟਿਆਲਾ ਵਲੋਂ ਸਰੋਪਾ ਨਾਲ ਮਿਲਿਆ ਸੀ, ਮਹਾਰਾਜਾ ਸਾਹਿਬ ਦੇ ਉੱਤੇ ਪਾ ਦਿੱਤਾ ਕੁੱਝ ਦਿਨ ਉਥੇ ਰਹਿ ਕੇ ਮਹਾਰਾਜਾ ਸਾਹਿਬ ਆਪਣੀ ਮਾਤਾ ਅਤੇ ਸੁਪਤਨੀ ਸਹਿਤ ਵਿਦਾ ਹੋਏ।

ਸਰਦਾਰ ਦਲ ਸਿੰਘ ਅਤੇ ਜੋਧ ਸਿੰਘ ਨੇ ਜੋ ਮਹਾਰਾਜਾ ਸਾਹਿਬ ਦੇ ਵੈਰੀ ਸਨ, ਜਦ ਬੇਦੀ ਸਾਹਿਬ ਦਾ ਮੇਲ ਜੋਲ ਮਹਾਰਾਜਾ ਨਾਲ ਵੇਖਿਆ, ਤਾਂ ਉਹ ਬੇਦੀ ਸਾਹਿਬ ਨਾਲ ਗੁੱਸੇ ਹੋ ਗਏ, ਸਗੋਂ ਇਹ ਵਿਉਂਤ ਬਣਾਈ ਕਿ ਰਾਤ ਦੇ ਸਮੇਂ ਬੇਦੀ ਸਾਹਿਬ ਦੇ ਡੇਰੇ ਤੋਂ ਸਾਰਾ ਮਾਲ ਅਸਬਾਬ ਲੁੱਟ ਲਿਆ ਜਾਏ। ਇਕ ਸਰਦਾਰ ਗੱਜਾ ਸਿੰਘ ਨਾਮਕ ਨੇ, ਜੋ ਉਨ੍ਹਾਂ ਨਾਲ ਮਿਲਿਆ ਹੋਇਆ ਸੀ, ਗੁਪਤ ਤੌਰ ਤੇ ਇਹ ਖਬਰ ਗੁਰੂ ਸਾਹਿਬ ਦੀ ਸੇਵਾ ਵਿਚ ਪੁਚਾ ਦਿੱਤੀ। ਜਦ ਅੱਧੀ ਰਾਤ ਹੋਈ ਬੇਸਮਝ ਵੈਰੀਆਂ ਨੇ ਆਪਣੀ ਫ਼ੌਜ ਦੇ ਦੋ ਭਾਗ ਕਰਕੇ, ਡੇਰੇ ਦੇ ਦੋਵੇਂ ਪਾਸੇ ਸਥਾਪਤ ਕਰਕੇ ਹਜ਼ੂਰ ਦੇ ਡੇਰੇ ਤੇ ਹੱਲਾ ਕਰ ਦਿੱਤਾ। ਪਰਮਾਤਮਾ ਦਾ ਅਜਿਹਾ ਭਾਣਾ ਹੋਇਆ ਕਿ ਉਸ ਹਨੇਰੀ ਰਾਤ ਵਿਚ ਫ਼ੌਜ ਦੇ ਦੋਵੇ ਭਾਗਾਂ ਦੀ ਟੱਕਰ ਹੋ ਗਈ ਅਤੇ ਇਕ ਦੂਜੇ ਨੂੰ ਪਛਾਣਨ ਤੋਂ ਬਿਨਾਂ ਹੀ ਕਤਲ ਹੋ ਗਏ। ਇਨ੍ਹਾਂ ਸਰਦਾਰਾਂ ਤੋਂ ਪਿੱਛੋ ਇਨ੍ਹਾਂ ਦੇ ਡੇਰਿਆਂ ਅਤੇ ਤੰਬੂਆਂ ਨੂੰ ਅੱਗ ਲਗ ਗਈ। ਕਹਿੰਦੇ ਹਨ ਕਿ ਗੱਜਾ ਸਿੰਘ. ਜੋ ਗੁਰੂ ਸਾਹਿਬ ਦਾ ਸ਼ਰਧਾਲੂ ਸੀ, ਦਾ ਹੀ ਡੇਰਾ ਬਚਿਆ। ਜਦ ਉਹ ਸਰਦਾਰ ਆਪਣੀ ਫ਼ੌਜ ਸਹਿਤ ਵਾਪਸ ਆਪਣੇ ਡੇਰਿਆਂ ਵਿਚ ਗਏ, ਤਾਂ ਇਨ੍ਹਾਂ ਨੂੰ ਪਤਾ ਲਗਾ ਕਿ ਇਹ ਸਾਰੀ ਖਰਾਬੀ ਗੁਰੂ ਸਾਹਿਬ ਦੇ ਸੇਵਕਾਂ ਦਾ ਸਨਮਾਨ ਨਾ ਕਰਨ ਅਤੇ ਉਨ੍ਹਾਂ ਨਾਲ ਟਾਕਰਾ ਕਰਨ ਕਰਕੇ ਹੋਈ। ਸਾਰੇ ਸਰਦਾਰ ਘਸਿਆਏ ਅਤੇ ਸ਼ਰਮਿੰਦਾ ਹੋਏ। ਦੂਜੇ ਦਿਨ ਉਹ ਇਕੱਠੇ ਹੋ ਕੇ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਆਪਣੇ ਅਪਰਾਧ ਦੀ ਮੁਆਫ਼ੀ ਮੰਗੀ। ਉਸ ਵੇਲੇ ਮਹਾਰਾਜ ਰਣਜੀਤ ਸਿੰਘ ਵੀ ਉਥੇ ਹਾਜਰ ਸਨ। ਬੇਦੀ ਸਾਹਿਬ ਨੇ ਕਿਹਾ ਕਿ ਜੋ ਕੋਈ ਮਹਾਰਾਜਾ ਰਣਜੀਤ ਸਿੰਘ ਨਾਲ ਬਦਨੀਤੀ ਅਤੇ ਬੇਵਫ਼ਾਈ ਕਰੇਗਾ, ਉਹ ਆਪ ਹੀ ਬਰਬਾਦ ਹੋ ਜਾਏਗਾ। ਉਨ੍ਹਾਂ ਫੇਰ ਕਿਹਾ ਕਿ ਤੁਸੀਂ ਜਾਣ ਲਓ ਕਿ ਮਹਾਰਾਜਾ ਸਾਹਿਬ ਉੱਤੇ ਸ੍ਰੀ ਅਕਾਲ ਪੁਰਖ ਦੀ ਓਟ ਹੈ।

ਇਸ ਉਪਰੰਤ ਗੁਰੂ ਸਾਹਿਬ ਦਰਿਆ ਪਾਰ ਕਰਕੇ ਮਾਂਗਟ ਦੇ ਜੰਗਲ ਵਿਚ ਸ਼ਿਕਾਰ ਖੇਡਣ ਲਈ ਗਏ।

ਜਦ ਉਹ ਉਥੇ ਸ਼ਿਕਾਰ ਖੇਡ ਰਹੇ ਸਨ, ਤਾਂ ਉਨ੍ਹਾਂ ਦੇ ਪੁਰਾਣੇ ਸੇਵਕ ਸੁਦਜ਼ਣ ਸਿੰਘ ਮਾਰਵਾਹਿਆ ਘੋੜ ਚੜ੍ਹਾ ਸਵਾਰ ਬੰਦੂਕ ਭਰੀ ਉਥੇ ਹਾਜ਼ਰ ਸੀ, ਅਚੇਤ ਹੀ ਉਸ ਦੀ ਬੰਦੂਕ ਚਲ ਪਈ ਅਤੇ ਗੁਰੂ ਸਾਹਿਬ ਦੀ ਬਾਂਹ ਵਿਚ ਲਗ ਗਈ। ਇਸ ਅਪਰਾਧ ਤੋਂ ਉਹ ਬਹੁਤ ਡਰਿਆ। ਗੁਰੂ ਸਾਹਿਬ ਨੇ ਉਸ ਦੀ ਬੇਕਸੂਰੀ ਨੂੰ ਵਿਚਾਰਦੇ ਹੋਏ ਉਸ ਨੂੰ ਤਸੱਲੀ ਦਿੱਤੀ। ਕੁਝ ਦਿਨਾਂ ਵਿਚ ਉਨ੍ਹਾਂ ਦਾ ਘਾਉ ਠੀਕ ਹੋ ਗਿਆ। ਪੰਨੂੰ ਨਿਵਾਸੀ ਭਾਈਆਂ ਅਤੇ ਪੋਤਿਆਂ, ਜਿਨ੍ਹਾਂ ਕੋਲ ਗੁਰੂ ਅਰਜਨ ਸਾਹਿਬ ਦੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਨਕਲ ਸੀ, ਦੀ ਬੇਨਤੀ ਨੂੰ ਪ੍ਰਵਾਨਦੇ ਹੋਏ, ਉਨ੍ਹਾਂ ਦੇ ਪਿੰਡ ਗਏ। ਕੜਾਹ ਪਰਸ਼ਾਦ ਕਰਵਾਕੇ ਬਹੁਤ ਸਾਰਾ ਰੁਪੱਈਆ ਗੁਰੂ ਗ੍ਰੰਥ ਸਾਹਿਬ ਦੇ ਭੇਟਾ ਕਤਿਾ। ਭਾਈਆਂ ਨੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਡੇਰੇ ਦੀ ਸੇਵਾ ਕੀਤੀ। ਆਲੇ ਦੁਆਲੇ ਦੇ ਪਿੰਡਾਂ ਦੀ ਸੰਗਤ ਹਾਜ਼ਰ ਹੋਈ ਅਤੇ ਬਹੁਤ ਭੇਟ ਚੜ੍ਹੀ। ਆਲੇ ਦੁਆਲੇ ਦੇ ਮੁਸਲਮਾਂਨ, ਗੁਰੂ ਸਾਹਿਬ ਦ ਮਾਲ ਅਸਬਾਬ ਵੇਖ ਕੇ, ਰਾਤ ਵੇਲੇ ਗੁਰੂ ਸਾਹਿਬ ਦਾ ਡੇਰਾ ਲੁੱਟਣ ਲਈ ਆ ਪਏ, ਪਰ ਸਾਰੇ ਅੰਨ੍ਹੇ ਹੋ ਗਏ। ਸਵੇਰ ਵੇਲੇ ਸਾਰੇ ਭੇਟਾ ਲੈ ਕੇ ਹਾਜ਼ਰ ਹੋਏ ਅਤੇ ਰਾਤ ਦੇ ਅਪਰਾਧ ਨੂੰ ਸਾਫ਼ ਤੋਰ ਤੇ ਮੰਨਿਆ। ਉਥੋਂ ਚਲ ਕੇ ਗੁਰੂ ਸਾਹਿਬ ਨੇ ਪਿੰਡ ਬੜੀ ਵਿਚ ਡੇਰਾ ਕੀਤਾ। ਆਦਮੀਆਂ ਦੇ ਇਕੱਠ ਅਤੇ ਭਾਰੀ ਸੰਗਤ ਦੇ ਕਾਰਨ ਖੂਹ ਦਾ ਪਾਣੀ ਮੁੱਕ ਗਿਆ ਲੋਕਾਂ ਨੂੰ ਕਸ਼ਟ ਹੋਣ ਲੱਗਾ। ਲਾਂਗਰੀਆਂ ਨੇ ਵੀ ਬੇਨਤੀ ਕੀਤੀ। ਬੇਦੀ ਸਾਹਿਬ ਨੇ, ਉਨ੍ਹਾਂ ਦੇ ਕਸ਼ਟ ਨਿਵਾਰਨ ਲਈ ਆਪਣੀ ਖਾਸ ਗੜਵੀ ਦਾ ਪਾਣੀ ਉਸ ਖੂਹ ਵਿਚ ਪਾਇਆ। ਤੁਰਤ ਪਾਣੀ ਚੜ੍ਹ ਆਇਆ। ਇਹ ਗਲ ਸਾਰੇ ਦੇਸ ਵਿਚ ਫੈਲ ਗਈ।

ਪਿੰਡ ਮਿਆਨੀ ਵਿਚ ਭਾਈ ਦੁਖਭੰਜਨ ਅੱਢਣ ਸ਼ਾਹੀ ਸਾਧ ਨੇ ਬੇਦੀ ਸਾਹਿਬ ਲਈ ਪਰਸ਼ਾਦ ਤਿਆਰ ਕਰਵਾਇਆ ਅਤੇ ਬੇਨਤੀ ਕੀਤੀ ਹਜ਼ੂਰ ਥੋੜੇ ਆਦਮੀ ਨਾਲ ਲੈ ਕੇ ਪਰਸ਼ਾਦ ਛਕ ਕੇ ਮੇਰੀ ਮੁਰਾਦ ਪੂਰੀ ਕਰੋ। ਬੇਦੀ ਸਾਹਿਬ ਨੇ ਹੁਕਮ ਦਿਤਾ ਕਿ ਸਾਰਾ ਹੀ ਸੌ ਸਵਾ ਸੌ ਆਦਮੀਆਂ ਲਈ ਪਰਸ਼ਾਦ ਤਿਆਰ ਕਰਨਾ। ਸਾਧ ਨੇ ਓਨਾ ਹੀ ਪਰਸ਼ਾਦ ਤਿਆਰ ਕਰਵਾਇਆ। ਜਦ ਉਹ ਗੁਰੂ ਸਾਹਿਬ ਨੂੰ ਲੈਣ ਲਈ ਆਇਆ, ਤਾਂ ਗੁਰੂ ਸਾਹਿਬ ਦੇ ਪਿੱਛੇ ਇਕ ਹਜ਼ਾਰ ਆਦਮੀ ਤੁਰ ਪਿਆ ਅਤੇ ਸਾਧ ਦੇ ਘਰ ਇਕੱਠੇ ਹੋ ਗਏ। ਬੇਦੀ ਸਾਹਿਬ ਨੇ ਉਸ ਨੂੰ ਤਸੱਲੀ ਦੇ ਕੇ ਕਿਹਾ, ਭਾਈ ਦੁਖ ਭੰਜਨ, ਕੁੱਝ ਪਰਵਾਹ ਨਹੀਂ, ਵਾਹਿਗੁਰੂ ਦਾ ਨਾਂ ਲੈ ਕੇ ਲੰਗਰ ਵਰਤਾਓ ਅਤੇ ਜਿਤਨਾ ਕੋਈ ਮੰਗੇ ਦਿਓ। ਸਾਰਿਆਂ ਨੂੰ ਆਪਣੀ ਆਪਣੀ ਲੋੜ ਅਨੁਸਾਰ ਪਰਸ਼ਾਦ ਮਿਲਿਆ, ਫੇਰ ਵੀ ਉਸ ਸਾਧ ਨੇ ਜਿੰਨਾ ਪਹਿਲਾਂ ਤਿਆਰ ਕੀਤਾ ਸੀ, ਓਨਾ ਬਚ ਰਿਹਾ।

ਫੇਰ ਗੁਰੂ ਸਾਹਿਬ ਪਿੰਡ ਦਾਦਨ ਖਾਂ ਪਹੁੰਚੇ। ਇਥੋਂ ਦਰਿਆ ਤੋਂ ਪਾਰ ਲੰਘੇ। ਭਾਈ ਭਾਗ ਸਿੰਘ ਕੁਰੀਵਾਲਾ ਜੋ ਫੇਰ ਗੁਰ ਭਾਈ ਬੀਰ ਸਿੰਘ ਜੀ ਦੇ ਹੋਏ ਸਨ, ਸੇਵਾ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਨੇ ਉਨ੍ਹਾਂ ਦਾ ਵਿਸ਼ਵਾਸ਼, ਅਤੇ ਵੈਰਾਗ ਵੇਖ ਕੇ ਉਨ੍ਹਾਂ ਨੂੰ ਉਪਦੇਸ਼ ਦਿੱਤਾ। ਉਥੇ ਹੀ ਮਹਾਰਾਜਾ ਰਣਜੀਤ ਸਿੰਘ ਆ ਗਏ। ਉਨ੍ਹਾਂ ਬੇਨਤੀ ਕੀਤੀ ਕਿ ਮਖਿਆਲਾ ਗੜ੍ਹ ਬੜੇ ਸਮੇਂ ਤੋਂ ਸਰ ਨਹੀਂ ਹੋਇਆ। ਬੜੀ ਸਰਕਾਰ ਨੇ ਵੀ ਬੜੀ ਲੜਾਈ ਕੀਤੀ ਸੀ, ਪਰ ਸਫਲਤਾ ਪ੍ਰਾਪਤ ਨਹੀਂ ਹੋਈ। ਆਪ ਕਿਰਪਾ ਪੂਰਬਕ ਸਹਾਇਤਾ ਕਰੋ, ਤਾਂ ਜੋ ਇਹ ਫ਼ਤਹਿ ਹੋ ਜਾਏ। ਬੇਦੀ ਸਾਹਿਬ ਨੇ ਆਪ ਯੁੱਧ ਕਰਕੇ ਉਕਤ ਕਿਲੇ ਨੂੰ ਫਤਿਹ ਕੀਤਾ ਅਤੇ ਵਿਰੋਧੀ ਫ਼ੌਜ ਅਧੀਨ ਹੋ ਗਈ। ਉਹ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰ ਦਿੱਤਾ। ਇਸੇ ਤਰ੍ਹਾਂ ਸ਼ਹੀਦਾਂ ਵਾਲੀ ਨੂੰ ਵੀ ਫਤਿਹ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਦੇ ਦਿਤਾ। ਫੇਰ ਮਹਾਰਾਜਾ ਸਾਹਿਬ ਨੇ ਬੇਨਤੀ ਕੀਤੀ ਕਿ ਆਪ ਰਾਮ ਨਗਰ ਵਿਚ ਦਰਸ਼ਨ ਦਿਓ। ਗੁਰੂ ਸਾਹਿਬ ਸਰਦਾਰ ਕਰਮ ਸਿੰਘ ਅਤੇ ਆਲਾ ਸਿੰਘ ਦੀ ਬੇਨਤੀ ਨੂੰ ਪ੍ਰਵਾਨਦੇ ਹੋਏ ਕੁੰਜਾਹ ਗਏ, ਫੇਰ ਉਥੋਂ ਰਾਮ ਨਗਰ ਪਹੁੰਚੇ।

ਮਹਾਰਾਜਾ ਰਣਜੀਤ ਸਿੰਘ ਪਹਿਲਾਂ ਹੀ ਉਥੇ ਮੌਜੂਦ ਸਨ। ਗੁਰੂ ਸਾਹਿਬ ਦੇ ਉਥੇ ਦਰਸਨ ਦੇਣ ਉੱਤੇ ਬਹੁਤ ਪ੍ਰਸੰਨ ਹੋਏ। ਕੁੱਝ ਦਿਨ ਉਥੇ ਰਹਿਕੇ ਦੇਹਰਾ ਸਾਹਿਬ ਦੇ ਦਰਸ਼ਨਾਂ ਦਾ ਮਨ ਬਣਾਇਆ। ਮਹਾਰਾਜਾ ਸਾਹਿਬ

ਨੇ ਬੇਨਤੀ ਕੀਤੀ ਕਿ ਜੇ ਹਜ਼ੂਰ ਹੁਕਮ ਬਖਸ਼ੇ, ਤਾਂ ਮੈਂ ਪੋਠੋਹਾਰ ਦੇ ਇਲਾਕੇ ਨੂੰ ਫਤਹਿ ਕਰ ਲਵਾਂ। ਗੁਰੂ ਸਾਹਿਬ ਨੇ ਆਗਿਆ ਦੇ ਦਿੱਤੀ।

ਦੂਜੇ ਹੀ ਦਿਨ ਸਵੇਰੇ ਮਹਾਰਾਜਾ ਸਾਹਿਬ ਪੋਠੋਹਾਰ ਵੱਲ ਤੁਰ ਪਏ। ਗੁਰੂ ਸਾਹਿਬ ਦੇਹਰਾ ਸਾਹਿਬ ਚਲੇ ਗਏ। ਉਥੇ ਦਰਸ ਅਤੇ ਪੂਜਾ ਭੇਟ ਕਰਕੇ ਵਾਪਸ ਆਏ। ਦੁਆਬੇ ਵਿਚ ਪਿੰਡ ਬਾੜੀਆਂ ਵਿਚੋਂ ਲੰਘਦੇ ਹੋਏ, ਊਨਾ ਸਾਹਿਬ ਵਿਚ ਆਏ।

ਕੁੱਝ ਸਮੇਂ ਉਪਰੰਤ ਜੁਆਲਾਮੁਖੀ ਅਤੇ ਕਾਂਗੜਾ ਦੀ ਸੈਰ ਕੀਤੀ ਅਤੇ ਮੁੜਕੇ ਊਨਾ ਆ ਗਏ। ਕੁੱਝ ਦਿਨ ਬੰਦ ਲੜੀ ਠਹਿਰਕੇ ਅਨੰਦਪੁਰ ਸਾਹਿਬ ਪਹੁੰਚੇ। ਦੀਵਾਨ ਪ੍ਰਧਾਨ ਸਿੰਘ ਅਤੇ ਦੀਵਾਨ ਜਵਾਹਰ ਸਿੰਘ ਦਾਸ ਦੇ ਦਾਦਾ ਅਤੇ ਪਿਤਾ ਅਨੰਦਪੁਰ ਸਾਹਿਬ ਰਹਿੰਦੇ ਸਨ ਅਤੇ ਉਨ੍ਹਾਂ ਦਾ ਮਕਾਨ ਦਰਸ਼ਨੀ ਦਰਵਾਜ਼ੇ ਦੇ ਸਾਹਮਣੇ ਦੇਹਰਾ ਗੁਰੂ ਤੇਗ ਬਹਾਦਰ ਚੇ ਇਹਾਤੇ ਵਿਚ ਸੀ। ਉਨ੍ਹਾਂ ਨੇ ਆਪਣੇ ਘਰ ਦੇ ਨੇੜੇ, ਤਰਖਾਣਾਂ ਦੇ ਤਿੰਨ ਚਾਰ ਘਰਾਂ ਦੀ ਜ਼ਮੀਨ ਉਨ੍ਹਾਂ ਦੇ ਮਾਲਕਾਂ ਤੋਂ ਮੁਲ ਲੈ ਕੇ ਅਤੇ ਇਸ ਦੇ ਦੁਆਲੇ ਚਾਰ ਦੀਵਾਰੀ ਬਣਾਕੇ ਗੁਰੂ ਸਾਹਿਬ ਲਈ ਰਿਹਾਇਸ਼ੀ ਸਥਾਨ ਬਣਾ ਦਿੱਤਾ। ਸੰਮਤ 1851 ਮੁਤਾਬਿਕ ਸੰਨ 1794 ਈ. ਤੱਕ ਇਥੇ ਹੀ ਰਹੇ। ਗੁਰੂ ਸਾਹਿਬ ਨੇ ਇਥੇ ਆਪਣੀ ਕਰਾਮਾਤ ਦੇ ਬਹੁਤ ਚਮਤਕਾਰ ਵਿਖਾਏ। ਸਿੱਖਾਂ ਅਤੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਵਧ ਗਈ। ਇਨ੍ਹਾਂ ਦਾ ਵੇਰਵਾ ਪਰਸੰਗ ਵਧਣ ਦੇ ਡਰੋਂ ਛੱਡ ਦਿੱਤਾ ਗਿਆ ਹੈ। ਗੁਰੂ ਸਾਹਿਬ ਦਾ ਸੁਭਾਗ, ਸਨਮਾਨ ਅਤੇ ਵਡਿਆਈ ਦਿਨ ਬਦਿਨ ਵਧਦੀ ਗਈ।

❖

# ਕਿਹੜੇ ਖੂੰਜੇ ਡੇਰਾ ਲਾਇਆ

[ਸ. ਬੀਰ ਸਿੰਘ 'ਬੀਰ']

ਅਚਰਜ ਤੇਰੀ ਮਾਇਆ ਇਹ ਭੇਤ ਕਿਸੇ ਨਾ ਪਾਇਆ।
ਜਲ ਥਲ ਵਿਚ ਆਕਾਸ਼ ਪੁਲਾੜਾਂ,
ਚੋਟੀਆਂ ਖੱਡਾਂ ਵਿਚ ਪਹਾੜਾਂ,
ਲੱਖ ਚੁਰਾਸੀ ਜੂਨਾਂ ਨੂੰ ਤੈਂ, ਦੇ ਕੇ ਪਰਾਣ ਚਲਾਇਆ। ਅਚਰਜ......।
ਇਹ ਕੀ ਕਾਇਆਂ ਖੇਲ ਬਣਾਇਆ,
ਅੰਗ ਅੰਗ ਕਲਦਾਰ ਲਗਾਇਆ,
ਹੱਡ ਚੰਮ ਦਾ ਪਿੰਜਰਾ, ਕਿਹੜੀ ਕੁਦਰਤ ਜ਼ੋਰ ਚਲਾਇਆ। ਅਚਰਜ......।
ਇਸ ਪਿੰਜਰੇ ਦੀ ਅਜਬ ਕਹਾਣੀ,
ਪਿੰਜਰੇ ਦਾ ਪਿੰਜਰਾ ਪਰਾਣੀ ਦਾ ਪਰਾਣੀ,
ਪੰਜ ਤੱਤ ਦਾ ਪੁਤਲਾ ਘੜਕੇ, ਅਚਰਜ ਖੇਲ ਰਚਾਇਆ। ਅਚਰਜ......।
ਇਹ ਪਿੰਜਰਾ ਹੈ ਬੜਾ ਅਨੋਖਾ,
ਜਦ ਦੇਖੋਂ ਤਾਂ ਧੋਖਾ ਈ ਧੋਖਾ,
ਬੁਧੀ ਚੇਤਨ ਕਰਕੇ ਯਾਰੋ, ਗਿਆਨ ਦਾ ਦੀਪ ਜਲਾਇਆ। ਅਚਰਜ......।
ਇਹ ਪਿੰਜਰਾ ਹੈ ਗੋਰਖ-ਧੰਦਾ,
ਮੋਹ ਮਾਇਆ ਦਾ ਪਾਇਆ ਫੰਦਾ,
"ਬੀਰ" ਹੈ ਵਿਚ ਭਗਵਾਨ, ਕਿਹੜੇ ਖੂੰਜੇ ਡੇਰਾ ਲਾਇਆ। ਅਚਰਜ ਤੇਰੀ ਮਾਇਆ।

# ਸੰਪ੍ਰਦਾਇਕ ਸਮਾਚਾਰ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗ਼ਦੀ ਨਸ਼ੀਨ
ਗੁਰ ਗਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਵਲੋਂ
ਗੁਰੂ ਨਾਨਕ ਸ਼ਾਹੀ

# ਧਰਮ ਪ੍ਰਚਾਰ ਦੇ ਪ੍ਰੋਗਰਾਮ

"ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ"

25-26-27 ਦਸੰਬਰ 1972— ਇਨ੍ਹਾਂ ਦਿਨਾਂ ਵਿਚ ਮਨਸੂਰਾਂ ਵਿਖੇ ਬੜੀ ਸਜ ਧਜ ਨਾਲ ਦਸਵੀਂ ਦੇ ਦੀਵਾਨ ਸਜਾਏ ਗਏ, ਲੰਗਰ ਗੁਰੂ ਕਾ ਅਤੁਟ ਵਰਤਿਆ। ਬੇਅੰਤ ਸੰਗਤਾਂ ਦਮਦਮਾ ਅਸਥਾਨ ਦੀ ਯਾਤਰਾ ਕਰ ਸੁਖਾਂ ਨੂੰ ਪ੍ਰਾਪਤ ਹੋਏ।

28 ਦਸੰਬਰ 1972— ਨਗਰ ਖੰਡੂਰ ਵਿਖੇ ਬਾਬਾ ਸਾਹਿਬ ਸਿੰਘ ਜੀ ਦੇ ਦਮਦਮੇ ਅਸਥਾਨ ਦੀ ਉਸਾਰੀ, ਜੋ ਹੋ ਰਹੀ ਹੈ, ਗੁਰਦੁਆਰਾ ਮੁਕੰਮਲ ਹੋਇਆ ਤੇ ਦੀਵਾਨ ਅਕਾਦਸ਼ੀ ਦਾ ਸਜਿਆ। ਨਗਰ ਨਿਵਾਸੀ ਸੰਗਤਾਂ ਦੀਵਾਨ ਵਿਚ ਹਾਜ਼ਰ ਹੋ, ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

30 ਦਸੰਬਰ ਤੋਂ 7 ਜਨਵਰੀ 1972—ਇਨ੍ਹਾ ਦਿਨਾਂ ਵਿਚ ਮਕਾਮ ਜਲਾਲ ਬਾਦ ਵਿਚ ਮਹੰਤ ਕਰਤਾਰ ਸਿੰਘ ਜੀ, ਮਹੰਤ ਇੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਹਰ ਦੋ ਸਮੇਂ ਦੀਵਾਨ ਸਜਦੇ ਰਹੇ ਤੇ ਸੰਗਤਾਂ ਗੁਰਮਤਿ ਦਾ ਪ੍ਰਚਾਰ ਸ਼ਰਵਣ ਕਰ ਪ੍ਰਸੰਨ ਹੁੰਦੀਆਂ ਰਹੀਆਂ।

2 ਤਾਰੀਖ ਮੁਕਤਸਰ ਜਾ, 3 ਤਾਰੀਖ ਯਾਤਰਾ ਕਰ ਸ. ਜਗਤਾਰ ਸਿੰਘ ਟਾਈਪਿਸਟ ਦੇ ਘਰ ਡੇਰਾ ਵਾਪਸ ਪਧਾਰਿਆ ਤੇ ਦੋ ਵਕਤ ਦੀਵਾਨ ਸਜਾ, ਸੰਗਤਾਂ ਗੁਰੂ ਕੇ ਦਰਸ਼ਨ ਕੀਤੇ।

8 ਤਾਰੀਖ ਟਾਹਲੀ ਵਾਲੇ ਨਗਰ ਅਖੰਡ ਪਾਠ ਰਖਿਆ ਕਿਉਂਕਿ ਸੰਗਤ ਬਹੁਤ ਰੋਜ਼ ਪਾਕਿਸਤਾਨੀ ਗੋਲਾ-ਬਾਰੀ ਨਾਲ ਤੰਗ ਪਈ ਸੀ। ਓਟ ਲਈ ਧੰਨ ਗੁਰੂ ਨਾਨਕ ਪਾਤਸ਼ਾਹ ਦੀ 11ਵੀਂ ਜੋਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ। ਅਖੰਡ ਪਾਠ ਟਾਹਲੀ ਅਸਥਾਨ ਤੇ ਅਰੰਭ ਕੀਤਾ ਜਿਸ ਨੂੰ ਵਰ ਸੀ ਸ੍ਰੀ ਹਜ਼ੂਰ ਬਾਬਾ ਟਿਕਾ ਰਾਮ ਕਿਸ਼ਨ ਸਿੰਘ ਜੀ ਦਾ, ਜੋ ਗੁਰ ਸਿਖਾਂ ਦੇ ਨਗਰ ਤੇ ਚੜ੍ਹ ਕੇ ਆਵੇਗਾ, ਮੂੰਹ ਦੀ ਖਾਵੇਗਾ ਤੇ ਸਤਿਗੁਰ ਦੀ ਰਹਿਮਤ ਹੋਈ ਜੋ ਅਖੰਡ ਪਾਠ ਦੀ ਅਰੰਭਤਾ ਨਾਲ ਗੋਲਾਬਾਰੀ ਬੰਦ ਹੋ ਗਈ ਤੇ ਗੁਰੂ ਕੀ ਜੈ ਜੈ ਕਾਰ ਹੋਈ। ਭੋਗ ਸਮੇਂ ਕੁਲ ਸਿਖ ਕੌਮ ਇਲਾਕੇ ਦੀ ਇਕੱਠੀ ਹੋਈ ਤੇ ਬਾਬਾ ਨੇ ਫੁਰਮਾਇਆ—ਗੁਰੂ ਨਾਨਕ ਪਾਤਸ਼ਾਹ ਦੇ ਸਿਖ ਬਣੋ ਤੇ ਕਿਨਾਰਾ ਕਰੋ ਕਲਜੁਗੀ ਪਾਪੀਆਂ ਪਾਸੋਂ ਜੋ ਸਚੇ ਗੁਰੂ ਨਾਨਕ ਪਾਤਸ਼ਾਹ ਨਾਲੋਂ ਤੋੜ ਆਪਣੇ ਨਾਲ ਜੋੜਦੇ ਹਨ।

7 ਤੋਂ 9 ਜਨਵਰੀ 1972— ਚਕ 44 ਜ਼ਿਲ੍ਹਾ ਗੰਗਾ ਨਗਰ, (ਨੰਬਰਦਾਰ ਭਾ. ਰੂੜ ਸਿੰਘ ਕਪੂਰ ਸਿੰਘ ਮਹਾਂ ਸਿੰਘ ਅਤੇ ਹੋਰ ਨਗਰ ਨਿਵਾਸੀਆਂ ਬੜੀ ਸੇਵਾ ਕੀਤੀ ।)

10 ਜਨਵਰੀ 1972— ਚਕ 21 ਐਚ ਜ਼ਿਲ੍ਹਾ ਗੰਗਾ ਨਗਰ, (ਗੁਰਦੁਆਰੇ ਭਾ. ਜੀਤਾ ਸਿੰਘ ਮਘਰ ਸਿੰਘ ਨੇ ਬੜੀ ਸੇਵਾ ਕੀਤੀ ।)

11-12 ਜਨਵਰੀ 1972— ਪਦਮ ਪੁਰ ਜ਼ਿਲਾ ਗੰਗਾ ਨਗਰ,

13 ਜਨਵਰੀ 1972— ਚੂਨਾ ਵਢ ਜ਼ਿਲ੍ਹਾ ਗੰਗਾ ਨਗਰ,

14 ਤੋਂ 18 ਜਨਵਰੀ 1972— ਗੰਗਾ ਨਗਰ, (ਡੇ ਸ. ਸਤਨਾਮ ਸਿੰਘ ਡੀ 26 ਡੇਰਾ ਰਿਹਾ, ਸਾਰੀ ਸੰਗਤ ਤੇ ਸ. ਗੁਰਬਚਨ ਸਿੰਘ ਜੀ ਨੇ ਬੜੀ ਸੇਵਾ ਕੀਤੀ ।)

19-20 ਜਨਵਰੀ 1972—ਸੂਰੇਆਲ ਜ਼ਿਲ੍ਹਾ ਗੰਗਾਨਗਰ, (ਭਾ. ਸੁਰਜਨ ਸਿੰਘ ਸੁੰਦਰ ਸਿੰਘ ਨੇ ਬੜੀ ਸੇਵਾ ਕੀਤੀ)

21-22 ਜਨਵਰੀ 1972— ਸਰਸਾ ਜ਼ਿਲ੍ਹਾ ਹਿਸਾਰ, (ਸ. ਹਰਨਾਮ ਸਿੰਘ ਅਤੇ ਸਰਬੱਤ ਸੰਗਤਾਂ ਵਲੋਂ ਬੜੀ ਸੇਵਾ ਹੋਈ ।

ਇਹਨਾਂ ਨਗਰਾਂ ਵਿਚ ਬਾਬਾ ਮਧੁਸੂਦਨ ਸਿੰਘ ਜੀ ਆਪਣੇ ਡੇਰੇ ਸਮੇਤ ਬਾਰਡਰ ਦੇ ਇਲਾਕੇ ਵਿਚ ਸੰਗਤਾਂ ਪ੍ਰਤਿ ਉਪਦੇਸ਼ ਕਰਦੇ ਫਿਰਦੇ ਰਹੇ । ਹਰ ਨਗਰ ਵਿਚ ਹਰੇਕ ਵਕਤ ਦੀਵਾਨ ਸਜਦੇ ਰਹੇ । ਕਥਾ ਕੀਰਤਨ ਦਾ ਪ੍ਰੋਗਰਾਮ ਜਾਰੀ ਰਿਹਾ ਤੇ ਬਾਬਾ ਜੀ ਆਪ ਗੁਰਮਤਿ ਦੀ ਬਰਖਾ ਗੁਰਬਾਨੀ ਅਨੁਸਾਰ ਕਰਦੇ ਰਹੇ ।

23-24-25 ਜਨਵਰੀ 1972— ਮਨਸੂਰਾਂ ਦਮਦਮਾਂ ਅਸਥਾਨ ਬਾਬਾ ਸਾਹਿਬ ਸਿੰਘ ਜੀ ਮਹਾਂਵਾਰੀ ਦੀਵਾਨ ਦਸਵੀਂ ਦਾ ਸਜਿਆ ।

26-27-28 ਜਨਵਰੀ 1972— ਪਿੰਡ ਖੰਡੂਰ ਵਿਖੇ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਦਾ ਬਾਬਾ ਮਧੁਸੂਦਨ ਸਿੰਘ ਜੀ ਨੇ ਤੇ ਸੰਗਤ ਨੇ ਪ੍ਰੇਰਨਾ ਅਨੁਸਾਰ ਜੋ ਦਮਦਮਾ ਅਸਥਾਨ ਨਵਾਂ ਤਿਆਰ ਕੀਤਾ ਸੀ, ਉਸ ਵਿਚ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਦੀ 26 ਤਰੀਖ ਬੜੀ ਸਜ ਧਜ ਨਾਲ, 21 ਟਰੈਕਟਰਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨਾਲ ਜਲੂਸ ਮਨਸੂਰਾਂ ਦਮਦਮਾਂ ਅਸਥਾਨ ਤੋਂ ਬੈਂਡ ਵਾਜਿਆਂ ਨਾਲ ਤੇ ਕੀਰਤਨ ਕਰਦੇ ਹੋਏ ਲੈ ਗਏ, ਅਜ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ । ਤੇ ਅੰਮ੍ਰਿਤਮਈ ਬਾਣੀ ਦਾ ਅਖੰਡ ਪਾਠ ਆਰੰਭ ਹੋਇਆ । ਨਿਤ ਦੋ ਵਕਤ ਦੀਵਾਨ ਸਜਦੇ ਰਹੇ । ਭੋਗ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕਠੀਆਂ ਹੋਈਆਂ ਤੇ ਧਰਮ ਪ੍ਰਚਾਰ ਸੁਣ ਪ੍ਰਸੰਨ ਹੋਏ । ਲੰਗਰ ਗੁਰੂ ਕਾ ਅਤੁਟ ਵਰਤਦਾ ਰਿਹਾ ।

29 ਜਨਵਰੀ 1972— ਅਜ ਪਦੀ ਨਗਰ ਜ਼ਿਲ੍ਹਾ ਲੁਧਿਆਣੇ ਵਿਚ ਸ. ਕਰਤਾਰ ਸਿੰਘ ਜੀ ਮਨਸੂਰਾਂ ਨਿਵਾਸੀ ਨਾਲ ਪੁਜੇ ਤੇ ਧਰਮ ਪ੍ਰਚਾਰ ਹੋਇਆ । ਕੀਰਤਨ ਦੀ ਵਰਖਾ ਵੀ ਹੋਈ ।

30 ਜਨਵਰੀ 1972— ਅਜ ਬਾੜੇਵਾਲ ਨਗਰ ਵਿਚ, ਜਿਥੇ ਸ੍ਰਦਾਰ ਈਸ਼ਰ ਸਿੰਘ ਤੇ ਸ੍ਰ. ਗੁਪਾਲ ਸਿੰਘ ਤਸੀਲਦਾਰ ਜੀ ਦੀ ਮਾਤਾ ਹਰਕੌਰ ਪ੍ਰਲੋਕ ਚਲਾਣਾ ਕਰ ਗਈ ਸੀ, ਭੋਗ ਤੇ ਪੁਜੇ ਤੇ ਬਾਬਾ ਮਧੁਸੂਦਨ ਸਿੰਘ ਜੀ ਨੇ ਪ੍ਰਵਾਰ ਨੂੰ ਦਿਲਾਸਾ ਦਿਤਾ ਤੇ ਸਤਿਗੁਰੂ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿਤੀ । ਬੇਅੰਤ ਸੰਗਤਾਂ ਇਕਠੀਆਂ ਹੋਈਆਂ ।



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਊਨਾ ਸਾਹਿਬ ਗੁਰਪੁਰਬ ਦੇ ਜਲੂਸ ਸਮੇਂ ਦਾ ਅਲੌਕਿਕ ਨਜ਼ਾਰਾ ।
ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਜਲੂਸ ਦੀ ਅਗਵਾਈ ਕਰ ਰਹੇ ਹਨ ।



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਗੁਰਪੁਰਬ ਸਮੇਂ ਦਾ ਇਕ ਦ੍ਰਿਸ਼ ।

ਗੌਰਮਿੰਟ ਆਫ਼ ਇੰਡੀਆ ਰਜਿਸਟ੍ਰਾਰ ਫ਼ਾਰ ਨਿਊਜ਼ ਪੇਪਰ ਆਰ. ਐਨ. 19501/70 ਰਜਿਸਟ੍ਡ ਨ: ਪੀ. 229

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਯਾਤ੍ਰਾ ਸਮੇਂ ਦਿਉਲਾਲੀ ਕੈਂਪ ਵਿਚ



ਊਨਾ ਸਾਹਿਬ ਵਿਖੇ, ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਗੁਰਪੁਰਬ ਸਮੇਂ, ਇਕ ਨਿਹੰਗ ਸਿੰਘ (ਨਿਹੰਗ ਬਤਨ ਸਿੰਘ ਜੀ) ਲਾਠੀ ਨਾਲ, ਤਿੰਨ ਲਾਠੀਮਾਰ ਜਵਾਨਾਂ ਦਾ ਮੁਕਾਬਲਾ ਕਰ ਰਿਹਾ ਹੈ।

